ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245531/

https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 6 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੨੨ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਰੱਦ ਹੋਈਆਂ ਸਾਰੀਆਂ ਫਲਾਈਟਾਂ, ਆਊਟ ਆਫ ਕੰਟਰੋਲ ਹਲਾਤਾਂ 'ਚ ਏਅਰਲਾਈਨ ਵੱਲੋਂ ਬਿਆਨ ਜਾਰੀ

**ਨਵੀਂ ਦਿੱਲੀ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੰਗਲਾਦੇਸ਼ ਵਿਚ ਹਫਤਿਆਂ ਤੋਂ ਚੱਲ ਰਹੀ ਹਿੰਸਾ ਦੇ ਵਿਚਾਲੇ ਪ੍ਰਧਾਨ ਮੰਤਰੀ ਦੇ ਦੇਸ਼ ਛੱਡ ਕੇ ਭੱਜਣ ਮਗਰੋਂ ਏਅਰ ਇੰਡੀਆ ਨੇ ਢਾਕਾ ਤੋਂ ਆਪਣੀਆਂ ਸਾਰੀਆਂ ਉਡਾਣਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ। ਏਅਰਲਾਈਨ ਨੇ ਘੋਸ਼ਣਾ ਕੀਤੀ ਕਿ ਉਸਨੇ ਪ੍ਰਭਾਵਿਤ ਗਾਹਕਾਂ ਨੂੰ ਰੀ-ਸ਼ਿਡਊਲਿੰਗ ਅਤੇ ਰੱਦ ਕਰਨ ਦੇ ਖਰਚਿਆਂ 'ਤੇ ਇੱਕ ਵਾਰ ਛੋਟ ਦੀ ਪੇਸ਼ਕਸ਼ ਕੀਤੀ ਹੈ। ਏਅਰ ਇੰਡੀਆ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਾਂ ਅਤੇ ਢਾਕਾ ਤੋਂ ਆਉਣ-ਜਾਣ ਲਈ ਯਾਤਰਾ ਲਈ ਪੁਸ਼ਟੀ ਕੀਤੀ ਬੁਕਿੰਗ ਦੇ ਨਾਲ ਆਪਣੇ ਯਾਤਰੀਆਂ ਨੂੰ ਮੁੜ ਸਮਾਂ-ਤਹਿ ਅਤੇ ਰੱਦ ਕਰਨ ਦੇ ਖਰਚਿਆਂ 'ਤੇ ਇਕ ਵਾਰ ਦੀ ਛੋਟ ਦੇ ਨਾਲ ਸਹਾਇਤਾ ਪ੍ਰਦਾਨ ਕਰ ਰਹੇ ਹਾਂ। ਇਸ ਤੋਂ ਇਲਾਵਾ ਇਹ ਵੀ ਖਬਰਾਂ ਆ ਰਹੀਆਂ ਹਨ ਕਿ ਇੰਡੀਗੋ ਨੇ ਵੀ ਢਾਕਾ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਅਜੇ ਇੰਡੀਗੋ ਏਅਰਲਾਈਨ ਵੱਲੋਂ ਇਸ ਸਬੰਧੀ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ। ਤੁਹਾਨੂੰ ਦੱਸ ਦਈਏ ਕਿ ਬੰਗਲਾਦੇਸ਼ ਵਿਚ ਰਾਖਵੇਂਕਰਨ ਨੂੰ ਲੈ ਕੇ ਪ੍ਰਦਰਸ਼ਨ ਲਗਾਤਾਰ ਹਿੰਸਕ ਹੁੰਦੇ ਜਾ ਰਹੇ ਹਨ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦੇਸ਼ ਛੱਡ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਫਿਲਹਾਲ ਭਾਰਤ ਹੋ ਕੇ ਲੰਡਨ ਲਈ ਰਵਾਨਾ ਹੋਵੇਗੀ। ਇਸ ਦੇ ਨਾਲ ਹੀ ਇਨ੍ਹਾਂ ਪ੍ਰਦਰਸ਼ਨਾਂ ਵਿਚ 100 ਤੋਂ ਵਧੇਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ।

## ਦੇਸ਼ ਛੱਡ ਭੱਜੀ ਸ਼ੇਖ ਹਸੀਨਾਂ

# ਬੰਗਲਾਦੇਸ਼ ਫੌਜ ਵੱਲੋਂ ਤਖ਼ਤਾਪਲਟ

**ਢਾਕਾ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਬੰਗਲਾਦੇਸ਼ 'ਚ ਭਾਰੀ ਹਿੰਸਾ ਤੋਂ ਬਾਅਦ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਫੌਜ ਮੁਖੀ ਵਕਾਰ-ਉਜ਼-ਜ਼ਮਾਨ ਨੇ ਹਸੀਨਾ ਨੂੰ 45 ਮਿੰਟਾਂ ਦੇ ਅੰਦਰ ਅਸਤੀਫਾ ਦੇਣ ਦਾ ਅਲਟੀਮੇਟਮ ਦਿੱਤਾ ਸੀ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇਸ਼ ਛੱਡ ਕੇ ਸੁਰੱਖਿਅਤ ਸਥਾਨ 'ਤੇ ਚਲੀ ਗਈ ਹੈ। ਪ੍ਰਦਰਸ਼ਨਕਾਰੀਆਂ ਨੇ ਸ਼ੇਖ ਹਸੀਨਾ ਦੇ ਘਰ 'ਚ ਦਾਖਲ ਹੋ ਕੇ ਭੰਨਤੋੜ ਕੀਤੀ ਅਤੇ ਹਰ ਤਰ੍ਹਾਂ ਦਾ ਸਮਾਨ ਚੁੱਕ ਕੇ ਲੈ ਗਏ। ਇਸ ਦੌਰਾਨ ਵਿਰੋਧੀਆਂ ਵੱਲੋਂ ਦੇਸ਼ ਦੇ ਕਈ ਇਲਾਕਿਆਂ ਵਿੱਚ ਜਿੱਤ ਦੇ ਜਸ਼ਨ ਮਨਾਏ ਜਾ ਰਹੇ ਹਨ। ਇਸ ਹਿੰਸਾ ਵਿੱਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸ਼ੇਖ ਹਸੀਨਾ ਦੇ ਨਾਲ ਉਨ੍ਹਾਂ ਦੀ ਭੈਣ ਵੀ ਢਾਕਾ ਛੱਡ ਗਈ ਹੈ। ਬੰਗਲਾਦੇਸ਼ ਦੇ ਫੌਜ ਮੁਖੀ ਨੇ ਹਸੀਨਾ ਨੂੰ ਕਿਹਾ ਸੀ ਕਿ ਉਹ ਸਨਮਾਨਜਨਕ ਤਰੀਕੇ ਨਾਲ ਸੱਤਾ ਤੋਂ ਅਸਤੀਫਾ ਦੇ ਦੇਵੇ। ਇਸ ਦੌਰਾਨ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਦੇ ਪੁੱਤਰ ਨੇ ਸੁਰੱਖਿਆ ਬਲਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਅਣ-ਚੁਣੀ ਸਰਕਾਰ ਨੂੰ ਸੱਤਾ ਵਿਚ ਆਉਣ ਤੋਂ ਰੋਕਣ। ਫੌਜ ਮੁਖੀ ਰਾਸ਼ਟਰ ਨੂੰ ਸੰਬੋਧਨ ਕਰਨ ਜਾ ਰਹੇ ਹਨ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਐਤਵਾਰ ਨੂੰ ਸ਼ੁਰੂ ਹੋਈ ਹਿੰਸਾ ਵਿੱਚ ਕੁਝ ਘੰਟਿਆਂ ਵਿੱਚ ਹੀ 300 ਲੋਕਾਂ ਦੀ ਮੌਤ ਹੋ ਗਈ ਅਤੇ ਅਰਬਾਂ ਦੀ ਜਾਇਦਾਦ ਨੂੰ ਅੱਗ ਲਾ ਦਿੱਤੀ ਗਈ। ਸਾਰੇ ਵੱਡੇ ਸ਼ਹਿਰਾਂ 'ਚ ਲੱਖਾਂ ਲੋਕ ਸ਼ੇਖ ਹਸੀਨਾ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਹਨ। ਰਾਜਧਾਨੀ ਢਾਕਾ 'ਤੇ ਪ੍ਰਦਰਸ਼ਨਕਾਰੀਆਂ ਨੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਹੈ ਅਤੇ ਲੱਖਾਂ ਲੋਕ ਪ੍ਰਮੁੱਖ ਚੌਕੀਆਂ 'ਤੇ ਇਕੱਠੇ ਹੋਏ ਹਨ। ਪਿਛਲੇ ਕੁਝ ਦਿਨਾਂ ਵਿੱਚ ਬੰਗਲਾਦੇਸ਼ ਵਿੱਚ ਪ੍ਰਦਰਸ਼ਨਾਂ ਦੌਰਾਨ ਹਿੰਸਾ ਵਿੱਚ 300 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਕਾਰਨ ਦੇਸ਼ ਦੀ ਅਵਾਮੀ ਲੀਗ ਸਰਕਾਰ ਅਤੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸ਼ੱਕ ਦੇ ਘੇਰੇ ਵਿੱਚ ਆ ਗਏ ਹਨ। ਬੰਗਲਾਦੇਸ਼ ਮੀਡੀਆ ਮੁਤਾਬਕ ਦੇਸ਼ ਦੇ ਫੌਜ ਮੁਖੀ ਇਸ ਸਮੇਂ ਦੇਸ਼ ਦੀ ਸਥਿਤੀ 'ਤੇ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਫੌਜ ਮੁਖੀ ਨੇ ਦੇਸ਼ਵਾਸੀਆਂ ਨੂੰ ਸੰਬੋਧਨ ਕੀਤਾ।



## ਬੰਗਲਾਦੇਸ਼ ਵਿੱਚ ਤਖ਼ਤਾਪਲਟ ਤੋਂ ਬਾਅਦ BSF ਨੇ ਜਾਰੀ ਕੀਤਾ ਅਲਰਟ, ਸ਼ੇਖ ਹਸੀਨਾ ਦੇਸ਼ ਛੱਡ ਹੋਈ ਫ਼ਰਾਰ

**ਨਵੀਂ ਦਿੱਲੀ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਗੁਆਂਢੀ ਦੇਸ਼ ਬੰਗਲਾਦੇਸ਼ ਵਿੱਚ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ। ਸਥਿਤੀ ਵਿਗੜਨ ਤੋਂ ਬਾਅਦ, ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਸੋਮਵਾਰ (5 ਅਗਸਤ 2024) ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਬੰਗਲਾਦੇਸ਼ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਹੋਏ ਬੀਐਸਐਫ ਨੇ ਭਾਰਤ-ਬੰਗਲਾਦੇਸ਼ ਸਰਹੱਦ 'ਤੇ ਹਾਈ ਅਲਰਟ ਜਾਰੀ ਕਰ ਦਿੱਤਾ ਹੈ। ਬੀਐਸਐਫ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੀਐਸਐਫ ਦੇ ਡੀਜੀ ਵੀ ਕੋਲਕਾਤਾ ਪਹੁੰਚ ਗਏ ਹਨ। ਬੰਗਲਾਦੇਸ਼ ਵਿੱਚ ਕਾਨੂੰਨ ਵਿਵਸਥਾ ਫੌਜ ਦੇ ਹੱਥਾਂ ਵਿੱਚ ਹੈ। ਭਾਰਤ ਅਤੇ ਬੰਗਲਾਦੇਸ਼ ਦੀ ਸਰਹੱਦ 4,096 ਕਿਲੋਮੀਟਰ ਲੰਬੀ ਹੈ। ਬੀਐਸਐਫ ਨੇ ਸਾਰੀਆਂ ਸਰਹੱਦੀ ਇਕਾਈਆਂ 'ਤੇ ਅਲਰਟ ਜਾਰੀ ਕਰ ਦਿੱਤਾ ਹੈ। ਗੁਆਂਢੀ ਦੇਸ਼ ਵਿੱਚ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ। ਜ਼ਿਕਰ ਕਰ ਦਈਏ ਕਿ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਹਿੰਸਕ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਅਸਤੀਫਾ ਦੇਣ ਤੋਂ ਬਾਅਦ ਰਾਜਧਾਨੀ ਢਾਕਾ ਤੋਂ ਆਪਣੀ ਭੈਣ ਨਾਲ ਸੁਰੱਖਿਅਤ ਸਥਾਨ ਲਈ ਰਵਾਨਾ ਹੋ ਗਈ। ਇਹ ਉਦੋਂ ਹੋਇਆ ਜਦੋਂ ਪ੍ਰਦਰਸ਼ਨਕਾਰੀਆਂ ਨੇ ਰਾਖਵੇਂਕਰਨ ਦੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਸੀਨਾ ਦੇ ਅਸਤੀਫੇ ਦੀ ਮੰਗ ਕੀਤੀ, ਜਿਸ ਵਿੱਚ ਲਗਭਗ 300 ਲੋਕ ਮਾਰੇ ਗਏ ਸਨ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਇਸ ਸਭ ਦੇ ਵਿਚਕਾਰ ਸ਼ੇਖ ਹਸੀਨਾ ਦੇ ਬੇਟੇ ਨੇ ਬੰਗਲਾਦੇਸ਼ ਦੇ ਸੁਰੱਖਿਆ ਬਲਾਂ ਨੂੰ ਕਿਸੇ ਵੀ ਅਣ-ਚੁਣੀ ਸਰਕਾਰ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੀ ਅਪੀਲ ਕੀਤੀ। ਮੀਡੀਆ ਰਿਪੋਰਟਾਂ ਮੁਤਾਬਕ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਹਮਲਾ ਕਰ ਦਿੱਤਾ।



## ਕੰਗਨਾ ਰਣੌਤ ਨੂੰ 'ਥੱਪੜ ਦੀ ਦੂਸਰੀ ਡੋਜ਼ ਦੇਣ ਦਾ ਸਮਾਂ ਆ ਗਿਆ...', ਰਾਹੁਲ ਗਾਂਧੀ ਦੀ ਤਸਵੀਰ ਵਾਇਰਲ ਹੋਣ ਤੋਂ ਬਾਅਦ ਛਿੜਿਆ ਵਿਵਾਦ

**ਨਵੀਂ ਦਿੱਲੀ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਸੰਸਦ ਮੈਂਬਰ ਬਣਨ ਤੋਂ ਬਾਅਦ ਆਪਣੇ ਵਿਵਾਦਿਤ ਬਿਆਨਾਂ ਨੂੰ ਲੈ ਲਗਾਤਾਰ ਸੁਰਖੀਆਂ ਦਾ ਵਿਸ਼ਾ ਬਣੀ ਰਹਿੰਦੀ ਹੈ। ਇਸ ਵਿਚਾਲੇ ਕੰਗਨਾ ਅਤੇ ਰਾਹੁਲ ਗਾਂਧੀ ਵਿਚਾਲੇ ਜ਼ੁਬਾਨੀ ਜੰਗ ਜਾਰੀ ਹੈ। ਦੱਸ ਦੇਈਏ ਕਿ ਹਾਲ ਹੀ ਵਿੱਚ ਲੋਕ ਸਭਾ ਵਿੱਚ ਰਾਹੁਲ ਗਾਂਧੀ ਵੱਲੋਂ ਜਾਤੀ ਜਨਗਣਨਾ ਦੇ ਮੁੱਦੇ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਜਿਸਦੇ ਚਲਦਿਆਂ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਇਲਜ਼ਾਮਾਂ ਅਤੇ ਜਵਾਬੀ ਦੋਸ਼ਾਂ ਦਾ ਦੌਰ ਜਾਰੀ ਹੈ। ਇਸ ਦੌਰਾਨ, ਕੰਗਨਾ ਰਣੌਤ ਨੇ ਰਾਹੁਲ ਗਾਂਧੀ ਦੀ ਇੱਕ ਐਡਿਟ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਉਨ੍ਹਾਂ ਕਾਂਗਰਸ ਆਗੂ ਨੂੰ ਇਸਲਾਮੀ ਟੋਪੀ, ਹਿੰਦੂ ਧਰਮ ਦਾ ਤਿਲਕ ਅਤੇ ਗਲੇ ਵਿੱਚ ਇੱਕ ਈਸਾਈ ਕਰਾਸ ਪਹਿਨੇ ਦਿਖਾਇਆ ਹੈ। ਰਿਪੋਰਟ ਮੁਤਾਬਕ ਕੰਗਨਾ ਨੇ ਇਹ ਫੋਟੋ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸ਼ੇਅਰ ਕਰਦੇ ਹੋਏ ਲਿਖਿਆ, ਜਾਤੀ ਜੀਵੀ ਜਿਸ ਨੂੰ ਬਿਨਾਂ ਜਾਤ ਪੁੱਛੇ ਜਾਤੀ ਜਨਗਣਨਾ ਕਰਨੀ ਹੈ। ਇਸ ਤੋਂ ਬਾਅਦ ਕੀ ਹੋਇਆ... ਜਿੱਥੇ ਸਮਰਥਕਾਂ ਨੇ ਉਸ ਦਾ ਸਮਰਥਨ ਕੀਤਾ, ਉੱਥੇ ਹੀ ਕਈ ਲੋਕਾਂ ਨੇ ਕੰਗਨਾ ਨੂੰ ਟ੍ਰੋਲ ਵੀ ਕਰਨਾ ਸ਼ੁਰੂ ਕਰ ਦਿੱਤਾ। ਇਸ ਵੀਡੀਓ 'ਤੇ ਕਈ ਲੋਕਾਂ ਦੇ ਕਮੈਂਟ ਦੇਖਣ ਨੂੰ ਮਿਲੇ ਹਨ। ਇਕ ਵਿਅਕਤੀ ਨੇ ਕਿਹਾ ਕਿ ਏਅਰਪੋਰਟ ਵਾਲੀ ਕੁੜੀ ਲਈ ਇੱਜ਼ਤ ਵੱਧ ਗਈ, ਜਿਸ ਤਰ੍ਹਾਂ ਉਸਨੇ ਕੰਗਨਾ ਨੇ ਥੱਪੜ ਮਾਰਿਆ ਸੀ। ਇਕ ਹੋਰ ਯੂਜ਼ਰ ਨੇ ਲਿਖਿਆ ਕਿ ਇਹ ਭਾਜਪਾ ਦੀ ਨਵੀਂ ਸਮ੍ਰਿਤੀ ਇਰਾਨੀ ਹੈ। ਟਿੱਪਣੀ ਕਰਦੇ ਹੋਏ ਇੱਕ ਵਿਅਕਤੀ ਨੇ ਲਿਖਿਆ ਲੱਗਦਾ ਹੈ ਕਿ ਥੱਪੜ ਦੀ ਸੈਕੰਡ ਡੋਜ਼ ਦੇਣ ਦਾ ਸਮਾਂ ਆ ਗਿਆ ਹੈ। ਇਕ ਹੋਰ ਯੂਜ਼ਰ ਨੇ ਲਿਖਿਆ- ਯਾਰ, ਉਸ ਏਅਰਪੋਰਟ ਵਾਲੀ ਕੁੜੀ ਨੂੰ ਬੁਲਾਓ ਜ਼ਰਾ, ਇੱਕ ਵਿਅਕਤੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਰਾਹੁਲ ਗਾਂਧੀ ਦਾ ਕੱਦ ਵਧਾਉਣ ਲਈ ਭਾਜਪਾ ਅਤੇ ਉਸਦੇ ਆਗੂ ਪੂਰਾ ਯੋਗਦਾਨ ਪਾ ਰਹੇ ਹਨ। ਦਰਅਸਲ, ਜਾਤੀ ਜਨਗਣਨਾ ਦੇ ਮੁੱਦੇ 'ਤੇ ਇਸ ਲਈ ਵੀ ਵਿਵਾਦ ਹੋ ਰਿਹਾ ਹੈ ਕਿਉਂਕਿ ਲੋਕ ਸਭਾ 'ਚ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਤੋਂ ਸੰਸਦ ਅਤੇ ਸਾਬਕਾ ਮੰਤਰੀ ਅਨੁਰਾਗ ਠਾਕੁਰ ਨੇ ਬਿਨਾਂ ਨਾਮ ਲਏ ਇਹ ਕਿਹਾ ਸੀ ਕਿ, ਜਿਸ ਨੂੰ ਆਪਣੀ ਜਾਤ ਦਾ ਪਤਾ ਨਹੀਂ, ਉਹੀ ਜਾਤੀ ਹੈ ਜਨਗਣਨਾ ਕਰਵਾਉਣ ਦੀ ਗੱਲ ਕਰਦਾ ਹੈ। ਉਦੋਂ ਤੋਂ ਇਸ ਮੁੱਦੇ ਨੂੰ ਲੈ ਕੇ ਦੇਸ਼ ਭਰ 'ਚ ਬਵਾਲ ਹੋ ਰਿਹਾ ਹੈ।



## ਸੁਖਬੀਰ ਬਾਦਲ ਦਾ ਮੁਆਫੀਨਾਮਾ ਆਇਆ ਸਾਹਮਣੇ ! ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕੀਤਾ ਜਨਤਕ

**ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਅਕਾਲੀ ਦਲ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤਾ ਮੁਆਫੀਨਾਮਾ ਜਨਤਕ ਕਰ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰ ਨੇ ਇਸ ਮੁਆਫ਼ੀਨਾਮੇ ਨੂੰ ਜਨਤਕ ਕਰਦਿਆਂ ਕਿਹਾ ਹੈ ਕਿ ਇਸ ਬਾਰੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਫ਼ੈਸਲਾ ਲਿਆ ਜਾਵੇਗਾ। ਦੱਸ ਦਈਏ ਕਿ ਅਕਾਲੀ ਦਲ ਦੇ ਬਾਗੀ ਧੜੇ ਨੇ 1 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਆ ਕੇ ਸੁਖਬੀਰ ਬਾਦਲ ਨੂੰ 2007 ਤੋਂ ਅਕਤੂਬਰ 2015 ਤੱਕ ਵਾਪਰੀਆਂ ਘਟਨਾਵਾਂ ਦੇ ਦੋਸ਼ੀ ਠਹਿਰਾਇਆ ਸੀ। ਇਸ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੋਂ 15 ਦਿਨਾਂ ਅੰਦਰ ਸਪੱਸ਼ਟੀਕਰਨ ਮੰਗਿਆ ਸੀ। ਇਸ ਦੇ ਮੱਦੇਨਜ਼ਰ 24 ਜੁਲਾਈ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸੀਲਬੰਦ ਲਿਫ਼ਾਫ਼ੇ ਵਿੱਚ ਸਪੱਸ਼ਟੀਕਰਨ ਦਿੱਤਾ ਸੀ। ਇਸ ਪੱਤਰ ਨੂੰ ਅੱਜ ਜਨਤਕ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰ ਸੁਖਦੇਵ ਸਿੰਘ ਨੇ ਦੱਸਿਆ ਕਿ ਸੰਗਤ ਵੱਲੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਲਿਫ਼ਾਫ਼ਾਬੰਦ ਸਪੱਸ਼ਟੀਕਰਨ ਜਨਤਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜਲਦੀ ਹੀ ਪੰਜ ਸਿੰਘ ਸਾਹਿਬਾਨ ਨਾਲ ਮੀਟਿੰਗ ਕਰਕੇ ਇਸ ਸਬੰਧੀ ਆਪਣਾ ਫੈਸਲਾ ਦੇਣਗੇ। ਇਸ ਸਪੱਸ਼ਟੀਕਰਨ ਵਿੱਚ ਲਿਖਿਆ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਮਾਮਲੇ ਵਿੱਚ 24 ਸਤੰਬਰ 2015 ਨੂੰ ਸ੍ਰੀ ਅਕਾਲ ਵਿਖੇ ਹੋਈ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਗੁਰਮਤਾ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਦੇ ਹੁਕਮਾਂ 'ਤੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਇਸ਼ਿਤਹਾਰ ਜਾਰੀ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਆਪਣੇ ਸਪੱਸ਼ਟੀਕਰਨ ਵਿੱਚ ਕਿਹਾ ਹੈ ਕਿ ਅਕਾਲੀ ਦਲ ਦੇ ਕੁਝ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੁਆਫ਼ੀ ਪੱਤਰ ਸੌਂਪਿਆ ਗਿਆ ਸੀ। ਇਸ ਵਿੱਚ ਉਨ੍ਹਾਂ ਦੇ ਵਿਰੁੱਧ ਜੋ ਵੀ ਲਿਖਿਆ ਗਿਆ ਹੈ, ਉਹ ਆਪਣੀ ਝੋਲੀ ਪਾਉਂਦੇ ਹਨ ਤੇ ਜੋ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇਣਗੇ, ਉਹ ਵੀ ਉਨ੍ਹਾਂ ਨੂੰ ਪ੍ਰਵਾਨ ਹੋਵੇਗਾ। ਇਸ ਮੁਆਫ਼ੀਨਾਮੇ ਵਿੱਚ ਉਨ੍ਹਾਂ ਨੇ ਆਪਣੇ ਪਿਤਾ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਲਿਖੀ ਚਿੱਠੀ ਨੂੰ ਵੀ ਸ਼ਾਮਲ ਕੀਤਾ ਹੈ ਤੇ ਉਸ ਦਾ ਹਵਾਲਾ ਵੀ ਦਿੱਤਾ ਹੈ।






## ਪਰਲ ਗਰੁੱਪ ਦੀ 50 ਹਜ਼ਾਰ ਕਰੋੜ ਦੀ ਜਾਇਦਾਦ ਕੁਰਕ, ਮੰਤਰੀ ਬੋਲੇ...ਅਸੀਂ ਲੋਕਾਂ ਨੂੰ ਪੈਸੇ ਦੇਣ ਲਈ ਤਿਆਰ ਪਰ ਕੋਈ ਲੈਣ ਨਹੀਂ ਆ ਰਿਹਾ

**ਪਟਿਆਲਾ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ ਸੀਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਅੱਜ ਲੋਕ ਸਭਾ ਵਿੱਚ ਪਰਲ ਗਰੁੱਪ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਜਸਟਿਸ ਲੋਢਾ ਕਮੇਟੀ ਨੇ ਪਰਲ ਗਰੁੱਪ ਦੀਆਂ 50 ਹਜ਼ਾਰ ਕਰੋੜ ਰੁਪਏ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਸਨ। ਉਸ ਦਾ ਪੈਸਾ ਲੋਕਾਂ ਨੂੰ ਵਾਪਸ ਕਿਉਂ ਨਹੀਂ ਕੀਤਾ ਗਿਆ ? ਜਿਸ 'ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਪੈਸੇ ਦੇਣ ਲਈ ਤਿਆਰ ਹਾਂ, ਕੋਈ ਵੀ ਪੈਸਾ ਲੈਣ ਨਹੀਂ ਆ ਰਿਹਾ। ਸੰਸਦ ਵਿੱਚ ਪਰਲ ਕੰਪਨੀ ਦੀ 50 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰਕੇ ਨਿਵੇਸ਼ਕਾਂ ਨੂੰ ਪੈਸੇ ਵਾਪਸ ਕਰਨ 'ਤੇ ਸਵਾਲ ਉਠਾਏ ਜਾਣ 'ਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਪਰਲ ਐਗਰੋ ਤੋਂ 1017 ਕਰੋੜ ਰੁਪਏ ਬਰਾਮਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁਕੱਦਮੇਬਾਜ਼ੀ ਕਾਰਨ ਕਈ ਜਾਇਦਾਦਾਂ ਦੀ ਨਿਲਾਮੀ ਨਹੀਂ ਹੋ ਸਕੀ। ਵਿੱਤ ਮੰਤਰੀ ਨੇ ਵਾਦੀ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਅਸੀਂ ਕਾਗਜ਼ਾਂ ਦੇ ਆਧਾਰ 'ਤੇ ਨਿਲਾਮੀ ਨਹੀਂ ਕਰ ਸਕਦੇ। ਪ੍ਰਾਪਰਟੀ ਦੀ ਨਿਲਾਮੀ ਕਰਕੇ ਜੋ ਵੀ ਦੇਣਾ ਹੈ, ਅਸੀਂ ਨਿਲਾਮ ਕਰਕੇ ਜ਼ਰੂਰ ਦੇਵਾਂਗੇ। ਸਾਡੇ ਕੋਲ ਜੋ ਪੈਸਾ ਹੈ, ਉਸ ਨੂੰ ਲੈਣ ਲਈ ਹੀ ਪਹਿਲਾਂ ਲੈਣ ਵਾਲੇ ਆ ਜਾਣ। ਦਰਅਸਲ, ਸਹਾਰਾ ਦੇ ਨਿਵੇਸ਼ਕਾਂ ਦੀ ਬਕਾਇਆ ਰਾਸ਼ੀ ਨੂੰ ਲੈ ਕੇ ਕੇਂਦਰ ਸਰਕਾਰ ਲਗਾਤਾਰ ਸ਼ੱਕ ਦੇ ਘੇਰੇ 'ਚ ਹੈ। ਅੱਜ ਇਸ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਹਾਰਾ ਦਾ ਪੂਰਾ ਮਾਮਲਾ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੈ। ਉਹ ਸਹਾਰਾ ਹਾਊਸਿੰਗ ਤੇ ਸਹਾਰਾ ਇੰਡੀਆ ਕਾਰਪੋਰੇਸ਼ਨ, ਸਹਾਰਾ ਇੰਡੀਆ ਰੀਅਲ ਅਸਟੇਟ ਕਾਰਪੋਰੇਸ਼ਨ ਲਿਮਟਿਡ ਵਿੱਚ 3.7 ਕਰੋੜ ਨਿਵੇਸ਼ਕ ਹਨ। ਸਹਾਰਾ ਘੁਟਾਲੇ ਤੋਂ ਬਾਅਦ ਲੋਕਾਂ ਦੇ ਦਿਮਾਗ 'ਚ ਸਵਾਲ ਹੈ ਕਿ ਉਨ੍ਹਾਂ ਨੂੰ ਆਪਣਾ ਪੈਸਾ ਕਦੋਂ ਮਿਲੇਗਾ। ਵਿੱਤ ਮੰਤਰੀ ਨੇ ਕਿਹਾ ਕਿ ਤਿੰਨ ਵਾਰ ਜਨਤਕ ਅਪੀਲ ਕੀਤੀ ਗਈ ਹੈ ਕਿ ਲੋਕ ਆ ਕੇ ਦਾਅਵਾ ਕਰਨ, ਦਸਤਾਵੇਜ਼ ਦਿਖਾਉਣ ਵਾਲਿਆਂ ਨੂੰ ਪੈਸੇ ਦਿੱਤੇ ਜਾਣਗੇ।






Nankana Sahib Yatra Committe Uk
pakistan gurdwara yatra
6th november to 16th november 2024
yatra includes 25+ gurudwara sahib
darshan .Accommodation in hotels
and travel within pakistan and yatra
start to finish point in AC coaches
ਪਾਕਿਸਤਾਨ
ਵਿਖੇ ਸ੍ਰੀ ਨਨਕਾਣਾ
ਸਾਹਿਬ ਤੋਂ ਇਲਾਵਾ 25 ਹੋਰ
ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

# ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN PURE AND NATURAL

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment



# ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਸ਼ ਖ਼ ਗ਼ ਜ਼ ਫ਼ ਲ਼

Love Maa Boli Punjabi

ਮੁਕਤਾ, ਕੰਨਾ, ਸਿਹਾਰੀ, ਬਿਹਾਰੀ
ਔਂਕੜ, ਦੁਲੈਂਕੜ, ਲਾਂ, ਦੁਲਾਵਾਂ
ਹੋੜਾ, ਕਨੌੜਾ, ਟਿੱਪੀ, ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net
Learn Speak Read Write
PUNJABI




## ਜਨਮ ਦਿਨ ਮੁਬਾਰਕ



**ਗੁਰਸਿਮਰਨਪ੍ਰੀਤ ਕੌਰ**
ਪਿਤਾ : ਸ੍ਰੀ ਮਾਨ ਸੰਤ ਬਾਬਾ ਸੰਤੋਖ ਸਿੰਘ ਮਲੇਰਕੋਟਲਾ ਵਾਲੇ
ਮਾਤਾ : ਮਨਦੀਪ ਕੌਰ
(ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM
International Newspaper & WEB TV


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ–ਧੰਨ
ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ
ਖਾਲਸਾ
ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ
ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ
ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ
ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
077151-28621







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV


ਦਮਦਮੀ ਟਕਸਾਲ ਵੱਲੋਂ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁੱਧ ਪਾਠ ਬੋਧ ਸਮਾਗਮ
ਆਰੰਭ 20 ਜੁਲਾਈ 2024 ਤੋ 18 ਅਗਸਤ 2024 ਤੱਕ
Monday - Friday
6PM - 9PM
Saturday - Sunday
3PM - 5PM
6PM - 9PM
Bhog Shri Sehaj Path
Sunday 18th August 2024
Kirtan - Katha Darbar


SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM & 6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM, 10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ
ਅਤੇ
ਦਮਦਮੀ ਟਕਸਾਲ ਦੇ 318ਵਾਂ ਸਥਾਪਨਾ ਦਿਵਸ
ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਅਮਰ ਸ਼ਹੀਦ
ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ
ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ
1 ਅਗਸਤ 2024 ਦਿਨ ਵੀਰਵਾਰ ਤੋਂ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਤੱਕ
ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਵਿਖੇ ਕਰਵਾਏ ਜਾ ਰਹੇ ਹਨ।
ਜਿਸ ਵਿੱਚ ਦਮਦਮੀ ਟਕਸਾਲ ਦੇ ਗਿਆਨੀ ਸਿੰਘ ਅਤੇ ਰਾਗੀ ਜਥੇ ਕਥਾ ਕੀਰਤਨ ਸਰਵਣ ਕਰਵਾਉਣਗੇ।
ਸਵੇਰੇ ਕਥਾ ਦਾ ਸਮਾਂ : ਸਵੇਰੇ 6:15 ਵਜੇ ਤੋਂ 7:00 ਵਜੇ ਤੱਕ
ਸ਼ਾਮ ਨੂੰ ਕਥਾ ਦਾ ਸਮਾਂ : ਸ਼ਾਮ 5:30 ਵਜੇ ਤੋਂ 6:15 ਤੱਕ
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 5 ਅਗਸਤ 2024 (21 ਸਾਵਣ) ਦਿਨ ਸੋਮਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 7 ਅਗਸਤ 2024 (23ਸਾਵਣ) ਦਿਨ ਬੁੱਧਵਾਰ ਸਮਾਂ ਸਵੇਰੇ 9:30 ਵਜੇ
ਭੋਗ ਉਪਰੰਤ ਸਵੇਰੇ 10:00 ਵਜੇ ਤੋਂ 02:00 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਹੋਣਗੇ
ਜਿਸ ਵਿੱਚ ਤਖ਼ਤ ਸਾਹਿਬਾਂ ਦੇ ਸਿੰਘ ਸਾਹਿਬਾਨ, ਸੰਤ ਮਹਾਂ ਪੁਰਖ, ਨਿਹੰਗ ਸਿੰਘ ਜਥੇਬੰਦੀਆਂ ਅਤੇ ਕਾਰ ਸੇਵਾ ਵਾਲੇ
ਮਹਾਂ ਪੁਰਖ ਹਾਜ਼ਰੀਆਂ ਭਰਨਗੇ
ਸੋ ਆਪ ਜੀ ਨੂੰ ਬੇਨਤੀ ਹੈ ਆਪ ਜੀ ਨੇ ਸਮੇਂ ਸਿਰ ਆਉਣ ਦੀ ਕ੍ਰਿਪਾਲਤਾ ਕਰਨੀ ਜੀ।
ਵਰਤਮਾਨ ਮੁਖੀ ਦਮਦਮੀ ਟਕਸਾਲ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
(ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ)
ਭਾਈ ਈਸ਼ਰ ਸਿੰਘ
ਜਥੇਦਾਰ ਭਾਈ ਸੁਖਦੇਵ ਸਿੰਘ
ਸ੍ਰੀ ਅਨੰਦਪੁਰ ਸਾਹਿਬ ਵਾਲੇ
ਮੁੱਖ ਬੁਲਾਰਾ, ਦਮਦਮੀ ਟਕਸਾਲ
98551-17300
6,7 ਅਗਸਤ ਨੂੰ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਕਥਾ ਕਰਨਗੇ




ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਵਿਸ਼ੇਸ਼ ਉਪਰਾਲਾ
ਮਾਤਾ ਗੁਜਰ ਕੌਰ ਜੀ ਵਿੱਦਿਅਕ ਭਲਾਈ ਸਕੀਮ ਤਹਿਤ
ਅੰਮ੍ਰਿਤਧਾਰੀ ਮਾਂ ਬਾਪ ਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਆਪਣੇ ਵਿੱਦਿਅਕ ਅਦਾਰਿਆਂ ਵਿੱਚ
ਪੜ੍ਹਾਈ ਮੁਫਤ ਅਤੇ ਆਪਣੇ ਕਾਲਜਾਂ ਵਿੱਚ ਦਿੱਤੇ ਜਾਣਗੇ ਵਿਸ਼ੇਸ਼ ਵਜੀਫ਼ੇ
ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।
ਆਪਣੇ ਬੱਚਿਆਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲ ਕਰਵਾਓ ਜੀ।
ਗੁਰੂ ਤੇਗ ਬਹਾਦਰ ਖਾਲਸਾ ਪਬਲਿਕ ਸਕੂਲ, ਕੈਂਥਲ
ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ, ਕਪਾਲਮੋਚਨ, ਯਮੁਨਾਨਗਰ
ਸੰਤ ਮੋਹਨ ਸਿੰਘ ਮਤਵਾਲਾ ਪਬਲਿਕ ਸਕੂਲ, ਤਿਲੋਕੇਵਾਲਾ, ਸਿਰਸਾ
ਮਾਤਾ ਸੁੰਦਰੀ ਖਾਲਸਾ ਗਰਲਜ ਕਾਲਜ, ਨਿਸਿੰਗ, ਕਰਨਾਲ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਖਾਲਸਾ ਕਾਲਜ, ਪੰਜੋਖਰਾ ਸਾਹਿਬ, ਅੰਬਾਲਾ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC


With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
Sri Maan Sant Baba Bhagwan Singh Ji Maharaj (Rara Sahib Begowal)
BANK HOLIDAY WEEKEND
23RD - 26TH AUGUST 2024
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ AWAZE QAUM
International Newspaper & WEB TV


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਆਵਾਜ਼ਿ ਕੌਮ AWAZE QAUM International Newspaper & WEB TV
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484

ਦੇਗ ਤੇਗ ਫਤਿਹ
ਪੰਥ ਕੀ ਜੀਤ

ਸਨਮਾਨ ਸਮਾਰੋਹ
ਭਾਈ ਸਰਬਜੀਤ ਸਿੰਘ ਖਾਲਸਾ
ਐਮ.ਪੀ. (ਫਰੀਦਕੋਟ)
ਅਤੇ
ਬਾਪੂ ਤਰਸੇਮ ਸਿੰਘ ਪਿਤਾ ਭਾਈ ਅੰਮ੍ਰਿਤਪਾਲ ਸਿੰਘ
ਐਮ.ਪੀ. (ਖਡੂਰ ਸਾਹਿਬ)
10 ਅਗਸਤ 2024 ਦਿਨ ਸ਼ਨੀਵਾਰ
ਸਥਾਨ :- ਗੁਰਦੁਆਰਾ ਨੌਵੀਂ ਪਾਤਸ਼ਾਹੀ ਦੁਖ ਨਿਵਾਰਨ ਸਾਹਿਬ
ਗੁਰੂ ਤੇਗ ਬਹਾਦਰ ਨਗਰ, ਜਲੰਧਰ
ਸਮਾ : ਸਵੇਰੇ 11.00 ਵਜੇ
ਸਮੂਹ ਸੰਗਤ ਨੂੰ ਸਨਮਾਨ ਸਮਾਰੋਹ
ਵਿੱਚ ਪਹੁੰਚਣ ਦੀ ਅਪੀਲ
ਕੀਤੀ ਜਾਂਦੀ ਹੈ
ਬੇਨਤੀ ਕਰਤਾ :-
ਪਰਮਜੀਤ ਸਿੰਘ ਜੌਹਲ ਅਤੇ ਇਲਾਕਾ ਨਿਵਾਸੀ
ਸੰਪਰਕ : 70095-81997

ਆਵਾਜ਼ਿ ਕੌਮ AWAZE QAUM International Newspaper & WEB TV





### ਬਾਦਲਾਂ ਨੂੰ ਬਚਾ ਕੇ ਗੁਰਬਚਨ ਸਿੰਘ ਵਾਲੀ ਗਲਤੀ ਨਾ ਕਰਨ ਜਥੇਦਾਰ ਰਘਬੀਰ ਸਿੰਘ, ਸੁਖਬੀਰ ਬਾਦਲ ਨੂੰ ਪੰਥ ਚੋਂ ਛੇਕਣ : ਫੈਡਰੇਸ਼ਨ ਭਿੰਡਰਾਂਵਾਲਾ

# ਜੇ ਸੁਖਬੀਰ ਬਾਦਲ ਨੂੰ ਮਾਫੀ ਦਿੱਤੀ ਤਾਂ ਕੌਮ ਜਥੇਦਾਰਾਂ ਨੂੰ ਬਖਸ਼ੇਗੀ ਨਹੀਂ : ਭਾਈ ਗੋਪਾਲਾ, ਰਣਜੀਤ ਸਿੰਘ

**ਅੰਮ੍ਰਿਤਸਰ, 5 ਅਗਸਤ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਐਲਾਨ ਕਰ ਦਿੱਤਾ ਹੈ ਕਿ ਜੇਕਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਮਾਫੀ ਦਿੱਤੀ ਤਾਂ ਕੌਮ ਜਥੇਦਾਰਾਂ ਨੂੰ ਬਖਸ਼ੇਗੀ ਨਹੀਂ, ਸਾਬਕਾ ਜਥੇਦਾਰ ਗੁਰਬਚਨ ਸਿੰਘ ਵਾਂਗ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ, ਕੌਮ ਉਹਨਾਂ ਦਾ ਜਲੂਸ

ਆਵਾਜ਼ਿ ਕੌਮ AWAZE QAUM International Newspaper & WEB TV

ਕੱਢ ਦੇਵੇਗੀ। ਜੇਕਰ ਸੁਖਬੀਰ ਸਿੰਘ ਬਾਦਲ ਨੂੰ ਰੱਤਾ ਜਿੰਨੀ ਵੀ ਰਾਹਤ ਦਿੱਤੀ ਤਾਂ ਸਾਡੀਆਂ ਕਿਰਪਾਨਾਂ ਮਿਆਨ ਤੋਂ ਬਾਹਰ ਆ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਤੇ ਮੌਜੂਦਾ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਦਲਾਂ ਨੂੰ ਬਚਾਉਂਦੇ ਬਚਾਉਂਦੇ ਕਿਤੇ ਗਿਆਨੀ ਰਘਬੀਰ ਸਿੰਘ ਆਪਣਾ ਹਾਲ ਗਿਆਨੀ ਗੁਰਬਚਨ ਸਿੰਘ ਵਾਲਾ ਨਾ ਕਰਵਾ ਲੈਣ, ਉਹ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤਾਂ ਨੂੰ ਮੁੱਖ ਰੱਖਦਿਆਂ ਸੁਖਬੀਰ ਸਿੰਘ ਬਾਦਲ ਅਤੇ ਬਾਦਲ ਦਲ ਦੇ ਦੋਸ਼ੀ ਆਗੂਆਂ ਨੂੰ ਖਾਲਸਾ ਪੰਥ ਵਿੱਚੋਂ ਤੁਰੰਤ ਛੇਕਣ। ਦੋਵਾਂ ਆਗੂਆਂ ਨੇ ਕਿਹਾ ਕਿ ਹੁਣ ਤਾਂ ਸੁਖਬੀਰ ਸਿੰਘ ਬਾਦਲ ਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੌਂਪੇ ਪੱਤਰ ਰਾਹੀਂ ਆਪਣੇ ਗੁਨਾਹ, ਕਾਰੇ ਮੰਨਣੇ ਸ਼ੁਰੂ ਕਰ ਦਿੱਤੇ ਹਨ, ਸ਼੍ਰੋਮਣੀ ਕਮੇਟੀ ਨੇ ਵੀ ਮੰਨ ਲਿਆ ਹੈ ਕਿ ਉਹਨਾਂ ਨੇ ਡੇਰਾ ਸਿਰਸਾ ਮੁਖੀ ਦੀ ਮਾਫੀ ਨੂੰ ਸਹੀ ਠਹਿਰਾਉਣ ਲਈ 95 ਲੱਖ ਰੁਪਏ ਦੇ ਇਸ਼ਿਤਹਾਰ ਗੁਰੂ ਦੀ ਗੋਲਕ ਵਿੱਚੋਂ ਦਿੱਤੇ ਸਨ। ਬੇਅਦਬੀ ਦੇ ਦੋਸ਼ੀ ਪ੍ਰਦੀਪ ਕਲੇਰ ਨੇ ਵੀ ਇਹਨਾਂ ਦੀਆਂ ਕਰਤੂਤਾਂ ਜਾਹਰ ਕਰ ਦਿੱਤੀਆਂ ਹਨ। ਜੋ ਕੁਝ ਸੰਗਤ ਕਹਿੰਦੀ ਸੀ ਓਹੀ ਕੁਝ ਹੁਣ ਬਾਦਲਾਂ ਤੋਂ ਬਾਗੀ ਹੋਇਆ ਧੜਾ ਵੀ ਕਬੂਲ ਕਰ ਚੁੱਕਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਚ ਅਕਾਲੀ ਦਲ ਬਾਦਲ ਕਿਵੇਂ ਪੰਥ ਵਿਰੁੱਧ ਭੁਗਤਦਾ ਰਿਹਾ। ਇਹਨਾਂ



ਦੇ ਗੁਨਾਹ, ਕਾਰੇ, ਪਾਪ ਹਰਗਿਜ ਬਖਸ਼ਣਯੋਗ ਨਹੀਂ ਹਨ। ਭਾਈ ਬਲਵੰਤ ਸਿੰਘ ਗੋਪਾਲਾ ਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਔਰੰਗਜ਼ੇਬ, ਵਜ਼ੀਰ ਖਾਂ, ਪਹਾੜੀ ਰਾਜੇ, ਫ਼ਰੁਖ਼ਸੀਅਰ, ਜ਼ਕਰੀਆ ਖ਼ਾਂ, ਮੀਰ ਮੰਨੂ, ਮੱਸਾ ਰੰਘੜ, ਅਬਦਾਲੀ, ਲਖਪਤ ਰਾਏ, ਜਨਰਲ ਡਾਇਰ, ਇੰਦਰਾ ਗਾਂਧੀ, ਦਰਬਾਰਾ ਸਿਹੁੰ, ਕੇ.ਪੀ.ਐੱਸ. ਗਿੱਲ ਤੇ ਬੇਅੰਤ ਸਿਹੁੰ ਨਾਲੋਂ ਵੀ ਵੱਧ ਕੇ ਸਿੱਖੀ ਅਤੇ ਸਿੱਖਾਂ ਦਾ ਨੁਕਸਾਨ ਕੀਤਾ। ਬਾਦਲਾਂ ਨੇ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਵਰਗਿਆਂ ਨੂੰ ਉੱਚ ਅਹੁਦੇ ਦਿੱਤੇ, ਪੰਜਾਬ 'ਚ ਭਾਜਪਾ ਨੂੰ ਮਜ਼ਬੂਤ ਕੀਤਾ, ਦੇਹਧਾਰੀ-ਗੁਰੂਡੰਮ੍ਹ ਨੂੰ ਉਤਸ਼ਾਹਿਤ ਕੀਤਾ, ਪੰਜਾਬ ਦੀ ਨੌਜਵਾਨੀ ਨਸ਼ਿਆਂ ਚ ਡੋਬ ਦਿੱਤੀ ਤੇ ਕਿਸਾਨ ਕਰਜ਼ਈ ਕਰ ਦਿੱਤੇ। ਬਾਦਲ ਦੇ ਰਾਜ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਸ਼ੁਰੂ ਹੋਇਆ, ਇਨਸਾਫ਼ ਮੰਗਦੇ ਸਿੱਖਾਂ ਨੂੰ ਗੋਲ਼ੀਆਂ ਮਰਵਾਈਆਂ, ਬੇਅਦਬੀ ਦੇ ਦੋਸ਼ੀ ਡੇਰਾ ਸਿਰਸਾ ਦੇ ਮੁਖੀ ਤੇ ਉਸ ਦੇ ਚੇਲਿਆਂ ਨੂੰ ਬਚਾਇਆ, ਬਲਾਤਕਾਰੀ ਅਸਾਧ ਨੂੰ ਜਥੇਦਾਰਾਂ ਤੋਂ ਬਿਨ-ਮੰਗੀ ਮੁਆਫ਼ੀ ਦਿਵਾਈ, ਪੰਜ ਪਿਆਰਿਆਂ ਨੂੰ ਬਰਖ਼ਾਸਤ ਕੀਤਾ, ਹੁਕਮਨਾਮਿਆਂ ਦੀ ਮਹਾਨ ਪ੍ਰੰਪਰਾ ਨੂੰ ਰੋਲਿਆ, ਬੰਦੀ ਸਿੰਘਾਂ ਨੂੰ ਅੱਤਵਾਦੀ ਤੇ ਕਾਤਲ ਕਿਹਾ। ਬਾਦਲਾਂ ਨੇ ਭਾਈ ਕਮਲਜੀਤ ਸਿੰਘ ਸੁਨਾਮ, ਭਾਈ ਹਰਮੰਦਰ ਸਿੰਘ ਡੱਬਵਾਲੀ, ਭਾਈ ਗੁਰਦੀਪ ਸਿੰਘ ਮਨਸੂਰਦੇਵਾ, ਭਾਈ ਜਸਪਾਲ ਸਿੰਘ ਚੌੜ ਸਿੱਧਵਾਂ, ਭਾਈ ਦਰਸ਼ਨ ਸਿੰਘ ਲੁਹਾਰਾ, ਭਾਈ ਕ੍ਰਿਸ਼ਨ ਭਗਵਾਨ ਸਿੰਘ, ਭਾਈ ਗੁਰਜੀਤ ਸਿੰਘ ਸਰਾਵਾਂ, ਭਾਈ ਸੋਹਣ ਸਿੰਘ ਅਤੇ ਭਾਈ ਕੁਲਵੰਤ ਸਿੰਘ ਵਰਪਾਲ ਆਦਿ ਨੂੰ ਸ਼ਹੀਦ ਕਰਵਾਇਆ ਅਤੇ ਅਨੇਕਾਂ ਪੰਥ-ਪ੍ਰਸਤਾਂ ਨੂੰ ਜੇਲ੍ਹੀਂ ਡੱਕਿਆ। 'ਰਾਜ ਨਹੀ ਸੇਵਾ' ਦੇ ਮਹਾਂ ਪਖੰਡ ਦੀ ਆੜ ਵਿੱਚ ਨਸ਼ਿਆਂ ਦੇ ਕਹਿਰ, ਅੰਨਦਾਤਿਆਂ ਦੀਆਂ ਖੁਦਕੁਸ਼ੀਆਂ, ਸਿਰੇ ਦਾ ਭ੍ਰਿਸ਼ਟਾਚਾਰ, ਗੁੰਡਾਗਰਦੀ, ਫ਼ਿਰਕਾਪ੍ਰਸਤੀ ਤੇ ਬੇਰੁਜ਼ਗਾਰੀ ਜਿਹੇ ਦਰਦਨਾਕ ਤੋਹਫ਼ੇ ਸਾਡੇ ਝੋਲ਼ੀ ਵਿੱਚ ਬਾਦਲਾਂ ਨੇ ਪਾਏ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੌਦੇ ਲਗਾਏ ਗਏ



ਗੁਰਦਾਸਪੁਰ, ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 5 ਅਗਸਤ (ਕੁਲਜੀਤ ਸਿੰਘ ਖੋਖਰ)- ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਡੀ.ਈ.ਓ. ਐਲੀ: ਸ਼੍ਰੀਮਤੀ ਪਰਮਜੀਤ ਨੇ ਦੱਸਿਆ ਕਿ ਉਨ੍ਹਾਂ ਟੀਮ ਵੱਲੋਂ ਵਾਤਾਵਰਨ ਦੀ ਸੰਭਾਲ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਪਲਾਟਾਂ ਵਿੱਚ ਵਾਤਾਵਰਨ ਨੂੰ ਹਰਿਆ ਭਰਿਆ ਕਰਨ ਲਈ ਜਾਮਣ , ਅੰਬ , ਨਿੰਮ ਆਦਿ ਦੇ ਪੌਦੇ ਲਗਾਏ ਗਏ ਹਨ। ਉਨ੍ਹਾਂ ਕਿਹਾ ਮੌਜੂਦਾ ਸਮੇਂ ਵਿੱਚ ਦਰੱਖਤਾਂ ਦੀ ਵੱਧ ਰਹੀ ਕਟਾਈ ਤੇ ਧਰਤੀ ਦੇ ਤਾਪਮਾਨ ਦੀ ਤਬਦੀਲੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਸਮਾਜਿਕ ਭਾਈਚਾਰੇ ਨੂੰ ਅਪੀਲ ਕੀਤੀ ਕਿ ਵਿੱਦਿਅਕ ਅਦਾਰਿਆਂ, ਜਨਤਕ ਸਥਾਨਾਂ 'ਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਇਸ ਲਈ ਹਰ ਮਨੁੱਖ ਵੱਧ ਤੋਂ ਵੱਧ ਪੌਦੇ ਲਗਾਵੇ। ਇਸ ਦੌਰਾਨ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀ: ਸ਼੍ਰੀ ਪ੍ਰਕਾਸ਼ ਜੋਸ਼ੀ ਨੇ ਕਿਹਾ ਕਿ ਸਮਾਜ ਦੇ ਹਰ ਵਿਅਕਤੀ ਨੂੰ ਘੱਟ ਤੋਂ ਘੱਟ ਇੱਕ ਰੁੱਖ ਲਗਾ ਕੇ, ਇਸ ਦੀ ਦੇਖਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਸਿੱਖਿਆ ਵਿਭਾਗ ਵੱਲੋਂ ਹਰ ਸਰਕਾਰੀ ਸਕੂਲ ਵਿੱਚ ਪੌਦੇ ਲਗਾਏ ਜਾ ਰਹੇ ਹਨ। ਇਸ ਦੌਰਾਨ ਡੀ.ਈ.ਓ. ਦਫ਼ਤਰ ਤੋਂ ਅਨੂੰ ਅਰੋੜਾ, ਮਲਕਿੰਦਰ ਸਿੰਘ, ਸਤਪਾਲ ਮਸੀਹ, ਪਰਮਿੰਦਰ ਸਿੰਘ ਜੇ.ਈ. , ਸੁਬੋਧ ਕੁਮਾਰ, ਨੀਤੂ ਬਾਲਾ, ਸੁਮਨ ਸ਼ਰਮਾ , ਮੋਹਿਤ ਕਪੂਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਰੁੱਖ ਲਗਾ ਕੇ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਯੋਗਦਾਨ ਪਾਓ : ਡੀ.ਈ.ਓ. ਪਰਮਜੀਤ**

ਅਨੁਸੰਧਾਨ ਰਾਸ਼ਟਰੀ ਖੋਜ ਸੰਸਥਾਨ, ਸਾਇੰਸ ਅਤੇ ਤਕਨੀਕੀ ਵਿਭਾਗ, ਭਾਰਤ ਸਰਕਾਰ ਦੇ ਵੱਲੋਂ

# ਅਕਾਲ ਯੂਨੀਵਰਸਿਟੀ ਤੋਂ ਡਾ. ਕੋਮਲਪ੍ਰੀਤ ਕੌਰ ਦੀ ਇੰਟਰਨੈਸ਼ਨਲ ਟ੍ਰੈਵਲ ਯੋਜਨਾ ਲਈ ਚੋਣ



ਤਲਵੰਡੀ ਸਾਬੋ, 06 ਅਗਸਤ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦੇ ਪ੍ਰਬੰਧਕਾਂ ਵੱਲੋਂ ਇਹ ਗੱਲ ਬੜੇ ਮਾਣ ਨਾਲ ਸਾਂਝੀ ਕੀਤੀ ਗਈ ਕਿ ਡਾ. ਕੋਮਲਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਜ਼ੂਆਲੋਜੀ ਅਤੇ ਮੈਡੀਕਲ ਸਾਇੰਸਜ਼ ਵਿਭਾਗ ਨੂੰ ਕੋਲੋਰਾਡੋ ਸਟੇਟ ਯੂਨੀਵਰਸਿਟੀ, ਅਮਰੀਕਾ ਵਿਖੇ ਹੋਣ ਵਾਲੀ "52ਵੀਂ ਸਲਾਨਾ ਸੁਸਾਇਟੀ ਫਾਰ ਵੈਕਟਰ ਇਕੋਲਜੀ ਕਾਨਫਰੰਸ" ਵਿੱਚ ਭਾਗ ਲੈਣ ਲਈ ਅਨੁਸੰਧਾਨ ਰਾਸ਼ਟਰੀ ਖੋਜ ਸੰਸਥਾਨ, ਸਾਇੰਸ ਅਤੇ ਤਕਨੀਕੀ ਵਿਭਾਗ, ਭਾਰਤ ਸਰਕਾਰ ਦੇ ਵੱਲੋਂ ਇੰਟਰਨੈਸ਼ਨਲ ਟ੍ਰੈਵਲ ਯੋਜਨਾ ਲਈ ਚੁਣਿਆ ਗਿਆ ਹੈ। ਏਐਨਆਰਐਫ ਵੱਲੋਂ ਡਾ. ਕੋਮਲਪ੍ਰੀਤ ਕੌਰ ਨੂੰ ਯਾਤਰਾ ਭੱਤਾ, ਹਵਾਈ ਅੱਡਾ ਟੈਕਸ, ਵੀਜ਼ਾ, ਅਤੇ ਰਜਿਸਟ੍ਰੇਸ਼ਨ ਫੀਸ ਆਦਿ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੁਸਾਇਟੀ ਫਾਰ ਵੈਕਟਰ ਇਕੋਲਜੀ, ਯੂਐੱਸਏ ਵੱਲੋਂ ਵੀ ਡਾ. ਕੋਮਲਪ੍ਰੀਤ ਕੌਰ ਨੂੰ ਯਾਤਰੀ ਭੱਤੇ ਵਿਚ ਸਹਿਯੋਗ ਦਿੱਤਾ ਜਾ ਰਿਹਾ ਹੈ। ਇਹ ਕਾਨਫਰੰਸ ਫੋਰਟ ਕੋਲਿਨਜ਼ ਕੋਲੋਰਾਡੋ, ਅਮਰੀਕਾ ਵਿਖੇ 15 ਤੋਂ 19 ਸਤੰਬਰ, 2024 ਤੱਕ ਹੋਵੇਗੀ। ਉਹ ਟਰਬੋ ਟਾਕ ਮੋਡ ਵਿੱਚ, "ਏਡੀਜ਼ ਏਜਿਪਟੀ ਵਿਰੁੱਧ ਨੈਨੋਇਮਲਸੀਫਾਈਡ ਯੂਕੇਲਿਪਟਸ ਗਲੋਬੂਲਸ ਜ਼ਰੂਰੀ ਤੇਲ ਦਾ ਰਚਨਾਤਮਕ ਵਿਸ਼ਲੇਸ਼ਣ ਅਤੇ ਲਾਰਵੀਸਾਈਡਲ ਗਤੀਵਿਧੀ" ਸਿਰਲੇਖ ਵਾਲਾ ਇੱਕ ਪੇਪਰ ਪੇਸ਼ ਕਰਨਗੇ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ, ਡੀਨ ਅਕਾਦਮਿਕ ਮੇਜਰ ਜਨਰਲ ਡਾ. ਜੀ. ਐੱਸ. ਲਾਂਬਾ ਅਤੇ ਰਜਿਸਟਰਾਰ ਪ੍ਰੋ. ਸਵਰਨ ਸਿੰਘ ਨੇ ਡਾ. ਕੋਮਲਪ੍ਰੀਤ ਕੌਰ ਨੂੰ ਉਹਨਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਯੂਨੀਵਰਸਿਟੀ ਅਤੇ ਵਿਭਾਗ ਦੇ ਸਾਥੀ ਅਧਿਆਪਕਾਂ ਨੇ ਵੀ ਉਹਨਾਂ ਨੂੰ ਮੁਬਾਰਕਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਧੂਣਾ ਸਾਹਿਬ ਟਰੱਸਟ ਪਛੜੀਆਂ ਸ਼੍ਰੇਣੀਆਂ ਦੇ ਕੋਟੇ ਪ੍ਰਤੀ ਸੁਪਰੀਮ ਕੋਰਟ ਫੈਸਲੇ ਦਾ ਕੀਤਾ ਸਵਾਗਤ




ਚੌਕ ਮਹਿਤਾ, 5 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)-ਵੱਖ ਵੱਖ ਪਛੜੀਆਂ ਸ੍ਰੇਣੀਆਂ ਦੇ ਹੱਕ ਵਿੱਚ ਰਿਜਰਵੇਸ਼ਨ ਦੇ ਆਏ ਫੈਸਲੇ ਨੂੰ ਸਮੁੱਚੇ ਵਾਲਮੀਕ ਭਾਈਚਾਰੇ ਦੀ ਇਤਿਹਾਸਿਕ ਜਿੱਤ ਦੱਸਦਿਆਂ ਸਮੂਹ ਵਰਗ ਨੂੰ ਵਧਾਈ ਦਿੱਤੀ ਗਈ ਅਤੇ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਇਹ ਵਿਚਾਰ ਇੱਕ ਪ੍ਰੈਸ ਮਿਲਣੀ ਦੌਰਾਨ ਵਾਲਮੀਕ ਮਜਬੀ ਸਿੱਖ ਅਤੇ ਰਵਿਦਾਸ ਭਾਈਚਾਰੇ ਨਾਲ ਸੰਬੰਧਿਤ ਜਾਤੀਆਂ ਨੂੰ ਮਾਨਯੋਗ ਸੁਪਰੀਮ ਕੋਰਟ ਤੋਂ ਰਿਜਰਵੇਸ਼ਨ ਪ੍ਰਤੀ ਜਿੱਤ ਹਾਸਿਲ ਹੋਣ ਤੇ ਹਾਸਿਲ ਕਰਨ ਤੇ ਅੱਜ ਧੂਣਾ ਸਾਹਿਬ ਟਰਸਟ ਗੱਦੀ ਨਸ਼ੀਨ ਸੰਤ ਮਲਕੀਤ ਨਾਥ ਮੰਦਰ ਗੁਰੂ ਗਿਆਨ ਨਾਥ ਸੰਤ ਗਿਰਧਾਰੀ ਨਾਥ ਚੇਅਰਮੈਨ ਓਮ ਪ੍ਰਕਾਸ਼ ਗੱਬਰ ਪੰਜਾਬ ਹੋਮ ਗਾਰਡ ਐਸਐਸਪੀ ਜਸਕਰਨ ਸਿੰਘ ਇਸ ਫੈਸਲੇ ਤੋਂ ਬਾਅਦ ਜਿੱਥੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਗਿਆ ਉੱਥੇ ਉਹਨਾਂ ਕਿਹਾ ਕਿ ਇਹ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਨਾਲ ਸਮੁੱਚੇ ਭਾਈਚਾਰੇ ਦੀ ਇਤਿਹਾਸਿਕ ਜਿੱਤ ਹੋਈ ਹੈ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਇਸ ਦਾ ਭਰਪੂਰ ਫਾਇਦਾ ਪਹੁੰਚੇਗਾ ਇਸ ਮੌਕੇ ਬਿੱਟੂ ਨੰਗਲੀ ਬਲਵੰਤ ਨਾਥ ਮਨਜੀਤ ਖਾਸਾ ਸਮੇਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਗੁਰਸਾਗਰ ਸਾਹਿਬ ਪਿੰਡ ਅਠਵਾਲ ਵਿਖੇ, ਮਹਾਨ ਅੰਮ੍ਰਿਤ ਸੰਚਾਰ ਅੱਜ



ਚੌਕ ਮਹਿਤਾ, 5 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ)-ਗੁਰਦੁਆਰਾ ਸ੍ਰੋਮਣੀ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵੱਲੋਂ ਪੰਜਾ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ਛਤਰ ਛਾਇਆ ਹੇਠਪ੍ਰਧਾਨ ਐਡਵੋਕੇਟ ਸ, ਹਰਜਿੰਦਰ ਸਿੰਘ ਧਾਮੀ ਜੀ ਉੱਪਰਾਲਾ ਸਦਕਾ ਅਤੇ ਹਲਕਾ ਮੱਤੇਵਾਲ ਦੇ ਗੁਰਦੁਆਰਾ ਸ੍ਰੋਮਣੀ ਪ੍ਰਬੰਧਕ ਕਮੇਟੀ ਦੇ ਮੈਬਰ ਐਡਵੋਕੇਟ ਸ, ਭਗਵੰਤ ਸਿੰਘ ਸਿਆਲਕਾ ਜੀ ਸਹਿਯੋਗ ਨਾਲ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਵਿਸੇਸ ਸਹਿਯੋਗ ਨਾਲ ਗੁਰਦੁਆਰਾ ਗੁਰਸਾਗਰ ਸਾਹਿਬ ਪਿੰਡ ਅਠਵਾਲ ਵਿੱਚ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾਂ ਗੁਰਿਆਈ ਦਿਵਸ ਸਤਾਬਦੀ ਨੂੰ ਸਮਰਪਿਤ ਮਹਾਨ ਅੰਮ੍ਰਿਤ ਸੰਚਾਰ 6 ਅਗਸਤ 2024 ਦਿਨ ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਜਾਣਕਾਰੀ ਦਿੰਦਿਆਂ ਹੋਇਆ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਕੁਲਜੀਤ ਸਿੰਘ ਅਤੇ ਪ੍ਰਚਾਰਕ ਭਾਈ ਦਿਲਬਾਗ ਸਿੰਘ ਭੰਗਾਲੀ, ਭਾਈ ਰਵਿੰਦਰ ਸਿੰਘ ਨੇ ਕਿਹਾ ਕਿ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਆਉਣਗੇ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਪੰਜ ਕਕਾਰ ਭੇਟਾਂ ਰਹਿਤ ਦਿੱਤੇ ਜਾਣਗੇ। ਸ, ਭਗਵੰਤ ਸਿੰਘ ਸਿਆਲਕਾ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪਰਿਵਾਰਾ ਸਮੇਤ ਪਾਹੁੰਚ ਕਿ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਗੁਰੂ ਸਾਹਿਬ ਜੀ ਦੀਆਂ ਖੁਸੀਆ ਪ੍ਰਾਪਤ ਕਰਨ। ਇਸ ਸਮੇਂ ਭਾਈ ਕੁਲਜੀਤ ਸਿੰਘ ਹੈਡ ਗ੍ਰੰਥੀ ਅਠਵਾਲ, ਇੰਟਰਨੈਸ਼ਨਲ ਗੋਲਡ ਮੈਡਲ ਢਾਡੀ ਜਥਾ ਗਿਆਨੀ ਮਲਕੀਅਤ ਸਿੰਘ ਬੱਗਾ, ਪ੍ਰਚਾਰਕ ਭਾਈ ਦਿਲਬਾਗ ਸਿੰਘ ਭੰਗਾਲੀ, ਭਾਈ ਰਵਿੰਦਰ ਸਿੰਘ, ਢਾਡੀ ਭਾਈ ਕੁਲਵੰਤ ਸਿੰਘ ਐਸ, ਜੀ, ਪੀ, ਸੀ, ਭਾਈ ਨਰਿੰਦਰ ਸਿੰਘ ਬੱਗਾ ਕਵੀਸ਼ਰ ਐਸ, ਜੀ, ਪੀ, ਸੀ, ਸੁਰਜੀਤ ਸਿੰਘ, ਨਿਰਮਲ ਸਿੰਘ, ਗੁਰਦਿਆਲ ਸਿੰਘ, ਠੇਕੇਦਾਰ ਸਰਬਜੀਤ ਸਿੰਘ, ਬਾਬਾ ਤਰਲੋਕ ਸਿੰਘ, ਮੰਗਲ ਸਿੰਘ, ਦਾਨ ਸਿੰਘ, ਗਿਆਨੀ ਤਰਲੋਕ ਸਿੰਘ ਆਦਿ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਹਕੂਮਤ ਤੇ ਇਲਜ਼ਾਮ ਲਾਉਣਾ ਕਿ ਮੀਡੀਆ ਖਰੀਦ ਲਿਆ ਇਹ ਗਲਤ

**☚ ਜਿਹੜਾ ਮੀਡੀਆ ਸੇਲ ਤੇ ਲੱਗਿਆ ਹੁੰਦਾ ਉਹਨੂੰ ਹੀ ਖਰੀਦਦੀ ਆ ਹਕੂਮਤ ☚ ਬਲੈਕਮੇਲਰ ਪੱਤਰਕਾਰਤਾ ਦਾ ਪੁਲਸੀਆਂ ਨਾਲ ਯਾਰੀ ਪਾਉਣਾ ਮਜਬੂਰੀ**

ਜ਼ੀਰਕਪੁਰ : ਭਾਰਤ ਵਿੱਚ ਪੱਤਰਕਾਰਤਾ ਦੀ (ਅਜ਼ਾਦੀ) ਸੁਤੰਤਰਤਾ ਦਾ ਦਰਜਾ ਸੰਸਾਰ ਦੇ 180 ਦੇਸ਼ਾਂ ਵਿੱਚੋਂ 159ਵੇ ਸਥਾਨ ਤੇ ਹੈ । ਭਾਰਤ ਵਿੱਚ ਕਿਸੇ ਵੀ ਮਸਲੇ ਤੇ ਬੋਲਣ ਦੀ ਆਜ਼ਾਦੀ ਨਾਲ ਗੱਲ ਕਰਨਾ ਇੰਨਾ ਸੌਖਾ ਨਹੀਂ । ਕਿਉਂਕਿ ਸਾਰਾ ਕੰਟਰੋਲ ਹਕੂਮਤ ਦੇ ਹੱਥ ਵਿੱਚ ਹੁੰਦਾ ਹੈ । ਫਿਰ ਉਹ ਮੀਡੀਆ ਜਿਹੜਾ ਪਹਿਲਾਂ ਹੀ ਸੇਲ ਤੇ ਲੱਗਿਆ ਹੋਇਆ ਹੁੰਦਾ ਹੈ ਉਹ ਖੁਦ ਹਕੂਮਤ ਦੇ ਪ੍ਰਚਾਰ ਤੰਤਰ ਦਾ ਹਿਸਾ ਬਣ ਜਾਂਦਾ ਹੈ । ਇੱਥੇ ਇਹ ਕਹਿ ਦੇਣਾ ਕਿ ਮੀਡੀਆ ਵਿਕਾਊ ਹੈ, ਹਕੂਮਤ ਨੇ ਖਰੀਦ ਲਿਆ, ਇਹ ਬਿਲਕੁਲ ਗਲਤ ਹੈ ਕਿਉਂਕਿ ਉਹ ਮੀਡੀਆ ਤਾਂ ਪਹਿਲਾਂ ਹੀ ਸੇਲ ਤੇ ਲੱਗਾ ਹੋਇਆ ਹੁੰਦਾ ਹੈ ।

ਹਾਲਾਂਕਿ ਦੂਜੇ ਪਾਸੇ ਮੂਲ ਰੂਪ ਦੇ ਵਿੱਚ ਪੱਤਰਕਾਰਤਾ ਦਾ ਕੰਮ ਤੇ ਫਰਜ਼, ਪੀੜਤ ਨਾਲ ਖੜਨਾ, ਲੋਕਾਂ ਦੀਆਂ ਸਮੱਸਿਆਵਾਂ ਹਕੂਮਤ ਤੱਕ ਪਹੁੰਚਾਉਣਾ ਹੈ । ਹਕੂਮਤ ਦੇ ਗੁਣਗਾਨ ਕਰਨਾ ਪੱਤਰਕਾਰਤਾ ਦਾ ਕੰਮ ਨਹੀਂ । ਇਸ ਤੋਂ ਵੀ ਅੱਗੇ ਵੱਧ ਕੇ ਪੱਤਰਕਾਰਤਾ ਦੇ ਨਾਂ ਤੇ ਬਲੈਕ ਮੇਲਿੰਗ ਦਾ ਜਿਹੜਾ ਕੰਮ ਚੱਲ ਰਿਹਾ ਹੈ । ਉਹ ਦਿਲ ਨੂੰ ਝੰਝੋੜ ਕੇ ਰੱਖ ਦੇਣ ਵਾਲਾ ਹੈ । ਬਲੈਕ ਮੇਲਿੰਗ ਕਰਨ ਵਾਲੇ ਪੱਤਰਕਾਰਾਂ ਦੀ ਪੁਲਸੀਆ ਨਾਲ ਨੇੜਤਾ ਰੱਖਣਾ ਮਜਬੂਰੀ ਹੁੰਦੀ ਹੈ । ਪੁਲਿਸ ਦਾ ਟੋਟਪੁਣਾ ਕਰਨਾ ਵੀ ਮਜਬੂਰੀ ਹੁੰਦੀ ਹੈ । ਕਿਉਂਕਿ ਜਦੋਂ ਕੋਈ ਸਾਹਮਣੇ ਧਾਕੜ ਪਾਰਟੀ ਟੱਕਰ ਜਾਵੇ ਤਾਂ ਫਿਰ ਕੰਪਲੇਟ ਪੁਲਿਸ ਕੋਲ ਹੀ ਆਉਂਦੀ ਹੈ । ਸਿੱਧੇ ਤੌਰ ਤੇ ਐ ਕਹਿ ਲਓ ਕਿ ਬਲੈਕ ਮੇਲਰ ਪੱਤਰਕਾਰ ਜਦੋਂ ਕੜੀਕੀ ਵਿੱਚ ਫਸਦੇ ਹਨ ਤਾਂ ਪੁਲਿਸ ਵਾਲੇ ਉਨਾਂ ਦੇ ਯਾਰ ਹੀ ਉਹਨਾਂ ਨੂੰ ਬਚਾਉਂਦੇ ਹਨ ।

ਐਸੀ ਪੱਤਰਕਾਰਤਾ ਜੋ ਸਿਰਫ ਬਲੈਕ ਮੇਲਿੰਗ ਦਾ ਮੁੱਖ ਧੰਦਾ ਕਰਦੀ ਹੈ । ਉਹ ਕਿਸੇ ਵੀ ਤਰ੍ਹਾਂ ਪਾਰਦਰਸ਼ਤਾ ਦੇ ਨਾਲ ਪੀੜਤਾਂ ਨਾਲ ਖੜ ਕੇ ਪੁਲਿਸ ਨੂੰ ਸਵਾਲ ਕਿਵੇ ਕਰ ਦੇਣ ਗੇ ? ਇਨਾ ਮਸਲਿਆਂ ਤੇ ਲਿਖਣਾ ਤੇ ਬੋਲਣਾ ਦੁਸ਼ਮਣ ਖੜੇ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ । ਪਰ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਫਰਮਾਉਂਦੇ ਹਨ ।

**ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ ਪੰਨਾ 842**

**-ਪਰਗਟ ਸਿੰਘ ਬਲਬੇੜ੍ਹਾ, 9815131870**

# ਵਿੰਗਜ ਵੈੱਲਫੇਅਰ ਸੁਸਾਇਟੀ ਨਵਾਂ ਤਨੇਲ ਵੱਲੋਂ 600 ਬੂਟੇ ਲਗਾਏ







**ਚੌਕ ਮਹਿਤਾ, 5 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਾਫ ਹਵਾ ਤੇ ਸਾਫ ਪਾਣੀ ਤੇ ਸੁੱਧ ਵਾਤਾਵਰਨ ਨੂੰ ਮੁੱਖ ਰੱਖਦੇ ਹੋਏ ਸਹੀ ਮੌਸਮ ਨੂੰ ਦੇਖਦੇ ਹੋਏ ਅਤੇ ਗਰਮੀ ਤੋ ਬਚਣ ਲਈ ਹਰਿਆਵਲ ਲਹਿਰ ਤਹਿਤ ਵਿੰਗਜ ਵੈੱਲਫੇਅਰ ਸੁਸਾਇਟੀ ਨਵਾਂ ਤਨੇਲ ਵੱਲੋਂ 600 ਤੋਂ ਵਧੇਰੇ ਬੂਟੇ ਲਗਾਏ ਜਾਣਕਾਰੀ ਸਾਂਝੀ ਕਰਦੇ ਹੋਏ ਜਰਮਨਜੀਤ ਸਿੰਘ ਚੰਦੀ ਨੇ ਆਖਿਆ ਕੇ ਜਿੱਥੇ ਦਿਨ ਪ੍ਰਤੀ ਦਿਨ ਰੁੱਖਾ ਦੀ ਵੱਡੇ ਪੱਧਰ ਤੇ ਹੋ ਰਹੀ ਕਟਾਈ ਤੇ ਸਾਡੇ ਕਿਸਾਨ ਭਰਾਵਾ ਵੱਲੋਂ ਸੀਜਨ ਦੇ ਦਿਨਾ ਦੌਰਾਨ ਫਸਲਾ ਦੀ ਰਹਿਦ ਖੂਹਦ ਨੂੰ ਅੱਗ ਲਗਾਉਣਾ ਪਾਣੀ ਦਾ ਲੈਵਲ ਦਿਨ-ਦਿਨ ਘੱਟਣਾ ਵੱਡੀ ਸਮੱਸਿਆ ਦਾ ਕਾਰਨ ਬਣਦਾ ਜਾ ਰਿਹਾ ਹੈ। ਅੱਜ ਲੋੜ ਹੈ ਹਰੇਕ ਵਿਅਕਤੀ ਵੱਧ ਤੋਂ ਵੱਧ ਰੁੱਖ ਲਗਾਵੇ ਤਾਂ ਜੋ ਕੁਦਰਤੀ ਸਰੋਤਾ ਨੂੰ ਬਚਾਇਆ ਜਾ ਸਕੇ ਰੁੱਖ ਲਗਾਓ ਦੇ ਨਾਲ ਨਾਲ ਲੋੜ ਹੈ ਸਾਭ ਸੰਭਾਲ ਕਰਨ ਦੀ ਤੇ ਅਵਾਰਾ ਡੰਗਰਾਂ ਤੋਂ ਬਚਾਓਣ ਦੀ ਜਿਸ ਸਬੰਧੀ ਜੰਗਲਾਤ ਵਿਭਾਗ ਅਤੇ ਪ੍ਰਸ਼ਾਸਨ ਵੀ ਸਹਿਯੋਗ ਕਰੇ। ਇਸ ਮੋਕੇ ਵਿੰਗਜ ਕਲੱਬ ਦੇ ਮੈਂਬਰ ਹਰਬਰਿੰਦਰ ਸਿੰਘ ਚੰਦੀ,ਹਰਪ੍ਰੀਤ ਸਿੰਘ,ਸੁਖਜਿੰਦਰ ਸਿੰਘ,ਰਾਜਨਬੀਰ ਸਿੰਘ,ਦਲਬੀਰ ਸਿੰਘ,ਗੁਰਪ੍ਰੀਤ ਸਿੰਘ,ਮਨਦੀਪ ਸਿੰਘ,ਗੁਰਬਾਜ ਸਿੰਘ,ਅਨਮੋਲਦੀਪ ਸਿੰਘ,ਜਗਦੀਪ ਸਿੰਘ ਆਦਿ ਵੱਲੋਂ ਬੂਟੇ ਲਗਾਓਣ ਦੀ ਸੇਵਾ ਨਿਭਾਈ ਗਈ।

ਆਵਾਜ਼ਿ ਕੌਮ AWAZE QAUM International Newspaper & WEB TV

## ਬੀ ਸਾਹਿਤ ਸਭਾ ਬਾਬਾ ਬਕਾਲਾ ਵੱਲੋਂ 39ਵਾਂ ਸਾਵਣ ਮੇਲਾ ਰਾਜ ਪੱਧਰੀ ਹੋ ਨਿੱਬੜਿਆ


# ਪੰਜਾਬ ਭਰ ਵਿੱਚੋਂ 100 ਤੋਂ ਵੱਧ ਕਵੀਆਂ ਨੇ ਲਾਈ ਕਾਵਿ-ਰਚਨਾਵਾਂ ਦੀ ਛਹਿਬਰ



**ਚੌਕ ਮਹਿਤਾ, 5 ਅਗਸਤ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ 39 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਜੁੱਟੀ ਚਰਚਿੱਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਆਪਣਾ 39ਵਾਂ ਸਲਾਨਾ ਸਾਵਣ ਕਵੀ ਦਰਬਾਰ ਐਤਕੀਂ ਅੰਮ੍ਰਿਤ ਹਾਲ, ਪਿੱਛੇ-ਗੁ: ਮਾਤਾ ਗੰਗਾ ਜੀ, ਬਾਬਾ ਬਕਾਲਾ ਸਾਹਿਬ ਕਰਵਾਇਆ । ਆਪਣੇ ਪਹਿਲੇ ਰਿਕਾਰਡ ਨੂੰ ਆਪ ਹੀ ਤੋੜਦਿਆਂ ਸਭਾ ਵੱਲੋਂ ਜਿੱਥੇ ਪੰਜਾਬ ਭਰ ਵਿੱਚੋਂ 100 ਤੋਂ ਵੱਧ ਕਵੀਆਂ ਦਾ ਕਵੀ ਦਰਬਾਰ ਕਰਵਾਇਆ ਗਿਆ, ਉਥੇ ਲਗਾਤਾਰ 5 ਘੰਟੇ ਚੱਲੇ ਇਸ ਕਵੀ ਦਰਬਾਰ ਵਿੱਚ ਨਾਮਵਰ ਗਾਇਕਾਂ ਨੇ ਗਾਇਕੀ ਦੇ ਜੌਹਰ ਦਿਖਾਏ ਅਤੇ 39ਵਾਂ ਸਾਵਣ ਮੇਲਾ ਹਰ ਪੱਖੋਂ ਯਾਦਗਾਰੀ ਹੋ ਨਿੱਬੜਿਆ । ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰਨੀ ਮੈਂਬਰ ਗੁਰਮੀਤ ਸਿੰਘ ਬਾਜਵਾ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ ਤੋਂ ਇਲਾਵਾ ਰਣਜੀਤ ਸਿੰਘ ਅਜ਼ਾਦ ਕਾਂਜਲ ਸਾ: ਪ੍ਰਧਾਨ ਪੰਜਾਬੀ ਸਾਹਿਤ ਸਭਾ ਧੂਰੀ, ਸੁਖਦੇਵ ਸਿੰਘ ਭੱਟੀ (ਸਾਹਿਤ ਸਭਾ ਫਿਰੋਜ਼ਪੁਰ), ਜਸਵਿੰਦਰ ਸਿੰਘ ਢਿੱਲੋਂ ਪ੍ਰਧਾਨ ਸਾਹਿਤ ਅਤੇ ਸਭਿਆਚਾਰਕ ਮੰਚ ਤਰਨ ਤਾਰਨ, ਅਵਤਾਰ ਸਿੰਘ ਗੋਇੰਦਵਾਲ (ਜਨਰਲ ਸਕੱਤਰ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਕੀਰਤਪ੍ਰਤਾਪ ਸਿੰਘ ਪੰਨੂੰ (ਪ੍ਰਧਾਨ ਮਜਲਸ), ਡਾ: ਗਗਨਦੀਪ ਸਿੰਘ (ਪ੍ਰਧਾਨ ਮਝੈਲਾਂ ਦੀ ਸੱਥ), ਗਾਇਕ ਦਲਵਿੰਦਰ ਦਿਆਲਪੁਰੀ, ਗਾਇਕ ਮਨਜੀਤ ਪੱਪੂ, ਸੁਖਦੇਵ ਸਿੰਘ ਭੁੱਲਰ ਸਾ: ਜਨਰਲ ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਗੁਰਪ੍ਰਤਾਪ ਸਿੰਘ ਭਿੱਲਾ ਸਾ: ਸਰਪੰਚ, ਅਤੇ ਸਭਾ ਦੇ ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ ਆਦਿ ਸ਼ੁਸ਼ੋਭਿਤ ਹੋਏ । ਮੰਚ ਸੰਚਾਲਨ ਕਰ ਰਹੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ । ਇਸ ਮੌਕੇ ਚਾਰ ਪੁਸਤਕਾਂ "ਦਿਸਹੱਦੇ ਤੋਂ ਪਰਲੇ ਪਾਰ" (ਪ੍ਰਿੰ: ਰਘਬੀਰ ਸਿੰਘ ਸੋਹਲ), ਅੱਖਰਾਂ ਵਿੱਚ ਦਰਦ (ਦਰਸ਼ਨ ਸਿੰਘ ਨੰਦਰਾ), ਵਾਵਰੋਲਿਆਂ ਦੇ ਦਰਮਿਆਨ (ਲਾਲੀ ਕਰਤਾਰਪੁਰੀ), ਗੋਜ਼ਿਲਆਂ ਵਾਲਾ ਖੂਹ (ਅਸ਼ੋਕ ਟਾਂਡੀ) ਲੋਕ ਅਰਪਿਤ ਕੀਤੀਆਂ ਕੀਤੀਆਂ ਗਈਆਂ ਅਤੇ ਗਾਇਕ ਲਖਵਿੰਦਰ ਕੋਟੀਆ ਅਤੇ ਕਿਰਨ ਬੇਦੀ ਦੇ ਗੀਤ ਦਾ ਪੋਸਟਰ "ਬੋਲ ਸ਼ਰੀਕਾਂ ਦੇ" ਵੀ ਲੋਕ ਅਰਪਿਤ ਕੀਤਾ ਗਿਆ । ਪੰਜਾਬ ਦੇ ਨਾਮਵਰ ਗਾਇਕਾਂ ਦਲਵਿੰਦਰ ਦਿਆਲਪੁਰੀ, ਮਨਜੀਤ ਪੱਪੂ, ਮੱਖਣ ਭੈਣੀਵਾਲਾ, ਗੁਰਮੇਜ ਸਹੋਤਾ, ਲਖਵਿੰਦਰ ਕੋਟੀਆ, ਗੁਰਦਿਆਲ ਰੁਮਾਣੇਚੱਕੀਆ, ਮਾ: ਅਰਜੁਨ (ਵਾਇਸ ਆਫ ਪੰਜਾਬ), ਬੀ ਮਾਸਟਰ, ਅਕਾਸ਼ਦੀਪ ਸਿੰਘ, ਕਾਲਾ ਰਿਆਲੀ, ਲਾਲੀ ਕਰਤਾਰਪੁਰੀ, ਮਨਦੀਪ ਸਿੰਘ ਬੋਪਾਰਾਏ, ਬਲਵਿੰਦਰ ਸਿੰਘ ਸੇਖੋਂ, ਸਰਵਣ ਚੀਮਾਂ, ਅਮਰਜੀਤ ਸਿੰਘ ਰਤਨਗੜ੍ਹ, ਗੁਰਦਿਆਲ ਸਿੰਘ ਜੀ-ਸਟਾਰ ਆਦਿ ਨੇ ਗਾਇਕੀ ਦੇ ਜੌਹਰ ਦਿਖਾਏ । ਜਦਕਿ ਸਾਵਣ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਪਰਮਜੀਤ ਕੌਰ ਜੈਸਵਾਲ, ਰਸ਼ਿੰਪਦਰ ਕੌਰ ਗਿੱਲ, ਬਲਵਿੰਦਰ ਕੌਰ ਸਰਘੀ, ਅਮਨਦੀਪ ਕੌਰ ਢਿੱਲੋਂ ਕਸੇਲ, ਸੁਰਿੰਦਰ ਖਿਲਚੀਆਂ, ਜਤਿੰਦਰਪਾਲ ਕੌਰ, ਮਨਪ੍ਰੀਤ ਕੌਰ ਮੱਟੂ, ਹਰਜੀਤ ਕੌਰ ਭੁੱਲਰ, ਗੁਰਮੀਤ ਕੌਰ ਬੱਲ, ਮਨਜਾਪ ਕੌਰ ਅਤੇ ਹਰਵਿੰਦਰਜੀਤ ਕੌਰ ਤੋਂ ਇਲਾਵਾ ਸਾਹਿਤ ਪ੍ਰਚਾਰ ਮੰਚ ਵੱਲੋਂ ਦਿਲਰਾਜ ਸਿੰਘ ਦਰਦੀ, ਲੇਖਕ ਅਦਾਕਾਰ ਮੰਚ ਵੱਲੋਂ ਸਕੱਤਰ ਸਿੰਘ ਪੁਰੇਵਾਲ, ਸੁਲੱਖਣ ਸਿੰਘ ਦਿਓਲ, ਪ੍ਰੋ: ਬਖਤਾਵਰ ਧਾਲੀਵਾਲ, ਪ੍ਰੀਤਪਾਲ ਸਿੰਘ ਗੋਇੰਦਵਾਲ, ਲਖਵਿੰਦਰ ਸਿੰਘ ਚੰਦਨ, ਗੁਰਮੀਤ ਸਿੰਘ ਜੰਡਿਆਲਾ ਗੁਰੂ, ਦਵਿੰਦਰ ਸਿੰਘ ਭੋਲਾ ਘੱਗਣਸ, ਅਮਰਪਾਲ ਸਿੰਘ ਖਹਿਰਾ, ਸਰਬਜੀਤ ਸਿੰਘ ਪੱਡਾ, ਅਜੀਤ ਸਿੰਘ ਨਬੀਪੁਰੀ, ਨਵਦੀਪ ਸਿੰਘ ਬਦੇਸ਼ਾ, ਹਰਦਰਸ਼ਨ ਸਿੰਘ ਕਮਲ, ਜਗਦੀਸ਼ ਸਿੰਘ ਬਮਰਾਹ, ਹਰਭਜਨ ਸਿੰਘ ਭੱਗਰੱਥ, ਸੁੱਚਾ ਸਿੰਘ ਸੰਧੂ, ਡਾ: ਕੁਲਵੰਤ ਸਿੰਘ ਬਾਠ, ਰਾਜ ਕਲਾਨੌਰ, ਸੂਬਾ ਸਿੰਘ ਖਹਿਰਾ, ਜਗਨ ਨਾਥ ਨਿਮਾਣਾ, ਦਰਸ਼ਨ ਨੰਦੜਾ, ਅਸ਼ੋਕ ਟਾਂਡੀ, ਪ੍ਰਤਾਪ ਸਿੰਘ ਕੁਲਾਰ, ਮਾ: ਬਲਬੀਰ ਸਿੰਘ ਬੀਰ, ਅਜੀਤ ਸਿੰਘ ਸਠਿਆਲਵੀ, ਸੁਖਦੇਵ ਸਿੰਘ ਗੰਡਵਾਂ, ਲਖਵਿੰਦਰ ਸਿੰਘ ਉੱਪਲ, ਸੁਬੇਗ ਸਿੰਘ ਮੀਆਂਵਿੰਡ, ਤਰਸੇਮ ਸਿੰਘ ਸਰਾਂ, ਜਸਪਾਲ ਸਿੰਘ ਧੂਲਕਾ, ਮਾ: ਧਰਮ ਸਿੰਘ ਧਿਆਨਪੁਰ, ਬਲਵਿੰਦਰ ਸਿੰਘ ਅਠੌਲਾ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਸੁਖਰਾਜ ਸਿੰਘ ਸਭਰਵਾਲ, ਅਜੈਬ ਸਿੰਘ ਬੋਦੇਵਾਲ, ਮਨਜੀਤ ਸਿੰਘ ਸੌਂਧ, ਅਰਜਿੰਦਰ ਬੁਤਾਲਵੀ, ਬਲਵਿੰਦਰ ਸਿੰਘ ਸੇਖੋਂ, ਅਮਨਜੋਤ ਦਿਓਲਿ ਗੁਰਸੇਵਕ ਸਿੰਘ, ਅੰਗਰੇਜ ਸਿੰਘ, ਸੋਢੀ ਸੱਤੋਵਾਲੀਆ, ਗੁਰਮੀਤ ਸਿੰਘ ਸਦਾਰੰਗ, ਕ੍ਰਿਸ਼ਨ, ਬਾਊ ਕੇਵਲ ਬਿਆਸ, ਹਰਪ੍ਰੀਤ ਸਿੰਘ, ਆਤਿਸ਼, ਜੋਗਿੰਦਰ ਸਿੰਘ ਮਾਹਣਾ, ਜਸਬੀਰ ਸਿੰਘ, ਗੁਰਮੁੱਖ ਸਿੰਘ, ਸਮੇਤ ਪੰਜਾਬ ਭਰ ਵਿਚੋਂ ਵੱਖ ਵੱਖ ਸਾਹਿਤ ਸਭਾਵਾਂ ਵਿਚੋਂ ਪੁਜੇ ਕਵੀਜਨਾਂ ਨੇ "ਸਾਵਣ" ਮਹੀਨੇ ਨੂੰ ਸਮਰਪਿਤ ਕਾਵਿ-ਰਚਨਾਵਾਂ ਦੀ ਛਹਿਬਰ ਲਾਈ।

☛ ਲਗਾਤਾਰ 5 ਘੰਟੇ ਚੱਲਿਆ ਸਮਾਗਮ ਯਾਦਗਾਰੀ ਹੋ ਨਿੱਬੜਿਆ ☛ ਚਾਰ ਕਾਵਿ ਪੁਸਤਕਾਂ ਕੀਤੀਆਂ ਲੋਕ ਅਰਪਿਤ ☛ ਨਾਮਵਰ ਗਾਇਕਾਂ ਨੇ ਦਿਖਾਏ ਗਾਇਕੀ ਦੇ ਜੌਹਰ

ਆਵਾਜ਼ਿ ਕੌਮ AWAZE QAUM International Newspaper & WEB TV






ਬੇ ਸਹਾਰਿਆ ਦੇ ਆਸਰੇ ਸ੍ਰੀ ਮਾਨ ਭਗਤ ਪੂਰਨ ਸਿੰਘ ਜੀ ਬਰਸੀ ਮੌਕੇ ਰੱਬੀ ਰੂਹ ਨੂੰ ਦਿਲੋਂ ਪ੍ਰਣਾਮ ਅਤੇ ਸਰਧਾ ਦੇ ਫ਼ੁੱਲ ਭੇਟ ਕਰਦੇ ਹਾਂ। ਵੱਲੋਂ ਸਮਾਜ ਸੇਵੀ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਵਾਈਸ ਪ੍ਰਧਾਨ ਵਾਪਾਰ ਮੰਡਲ ਜਿਲਾ ਅੰਮਿਤਸਰ ਸਾਹਿਬ ਪੀ ਏ ਸ੍ਰੀ ਵਿਨੀਤ ਵਰਮਾ ਜੀ। (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

# ਸਾਬਕਾ ਸੈਨਿਕਾਂ ਦੀ ਹੋਈ ਮੀਟਿੰਗ ਵਿਚ ਅਗਲੇ ਸੰਘਰਸ਼ਾਂ ਦੀ ਉਲੀਕੀ ਰੂਪ-ਰੇਖਾ



**ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ) :**— ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਫ਼ਿਰੋਜ਼ਪੁਰ ਦੀ ਮਹੀਨਾਵਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਕੈਪਟਨ ਜਰਨੈਲ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿਚ 28 ਜੁਲਾਈ 2024 ਨੂੰ ਤਰਨਤਾਰਨ ਵਿਖੇ ਸਾਬਕਾ ਸੈਨਿਕ ਸੰਘਰਸ਼ ਮੇਟੀ ਪੰਜਾਬ ਦੀ ਜ਼ਿਲ੍ਹਾ ਪ੍ਰਧਾਨਾਂ ਦੀ ਹੋਈ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਤੇ ਉਨ੍ਹਾਂ ਵੱਲੋਂ ਉਲੀਕੇ ਗਏ ਪ੍ਰੋਗਰਾਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਓ.ਆਰ.ਓ.ਪੀ ਦੀਆਂ ਵਿਸੰਗਤੀਆਂ ਤੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਦਿੱਲੀ ਜੰਤਰ—ਮੰਤਰ ਤੇ ਦੁਬਾਰਾ ਸੰਘਰਸ਼ ਕਰਨ ਸਬੰਧੀ ਤਿਆਰੀਆਂ ਵੱਟਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿਚ ਕੈਪਟਨ ਪੰਜਾਬ ਸਿੰਘ, ਕੈਪਟਨ ਬਲਵਿੰਦਰ ਸਿੰਘ, ਕੈਪਟਨ ਲਖਵਿੰਦਰ ਸਿੰਘ, ਸੂਬੇਦਾਰ ਗੁਲਾਬ ਸਿੰਘ, ਸੂਬੇਦਾਰ ਅਮਰੀਕ ਸਿੰਘ, ਨਾਇਬ ਸੂਬੇਦਾਰ ਸੁਖਦਰਸ਼ਨ ਸਿੰਘ, ਹੌਲਦਾਰ ਜਗਦੇਵ ਸਿੰਘ, ਹੌਲਦਾਰ ਜਰਨੈਲ ਸਿੰਘ, ਹੌਲਦਾਰ ਗੁਰਨਾਮ ਸਿੰਘ, ਹੌਲਦਾਰ ਸੁਬੇਗ ਸਿੰਘ, ਹੌਲਦਾਰ ਬਲਵਿੰਦਰ ਸਿੰਘ, ਹੋਲਦਾਰ ਚਾਨਣ ਸਿੰਘ, ਹੌਲਦਾਰ ਕੁਲਵਿੰਦਰ ਸਿੰਘ, ਹੌਲਦਾਰ ਮਨਜੀਤ ਸਿੰਘ, ਹੌਲਦਾਰ ਧਰਮਿੰਦਰ ਸਿੰਘ, ਹੌਲਦਾਰ ਕਾਬਲ ਸਿੰਘ, ਹੌਲਦਾਰ ਸੂਰਤ ਸਿੰਘ ਮੇਤ ਵੱਡੀ ਗਿਣਤੀ ਸਾਬਕਾ ਸੈਨਿਕਾਂ ਨੇ ਸ਼ਮੂਲੀਅਤ ਕਰਕੇ ਜਥੇਬੰਦੀ ਦੀ ਕਾਮਯਾਬੀ ਲਈ ਵਿੱਢੇ ਜਾ ਰਹੇ ਸੰਘਰਸ਼ ਵਿਚ ਮੋਹਰੀ ਰੋਲ ਅਦਾ ਕਰਨ ਦਾ ਅਹਿਦ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਿੱਧੂ ਗੈਸ ਏਜੰਸੀ ਦੇ ਮਾਲਕ ਰਜਿੰਦਰ ਸਿੰਘ ਸਿੱਧੂ ਦੀ

# ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜ਼ਰੀ









**ਜਗਰਾਉਂ, ( ਵਰਿਆਮ ਹਠੂਰ)**-ਜਗਰਾਉਂ ਤੋਂ ਸਿੱਧੂ ਗੈਸ ਏਜੰਸੀ ਦੇ ਮਾਲਕ ਸ: ਰਜਿੰਦਰ ਸਿੰਘ ਸਿੱਧੂ ਜੋ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿੱਤ ਪ੍ਰਕਾਸ਼ ਕਰਵਾਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ ਜਗਰਾਉਂ ਦੇ ਕੱਚਾ ਮਲਕ ਰੋਡ ਤੇ ਸਸ਼ੋਭਿਤ ਗੁਰਦੁਆਰਾ ਸਾਹਿਬ ਦਸਮੇਸ਼ ਨਗਰ ਵਿਖੇ ਹੋਈ, ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਵੱਖ ਵੱਖ ਥਾਵਾਂ ਤੋਂ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ। ਸੱਚਖੰਡ ਸ੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਹਿਬ ਤੋਂ ਪਹੁੰਚੇ ਕੀਰਤਨੀ ਜੱਥੇ ਨੇ ਵੈਰਾਗਮਈ ਸ਼ਬਦ ਕੀਰਤਨ ਰਾਹੀਂ ਗੁਰਸੰਗਤਾਂ ਦਾ ਦਿਲ ਮੋਹ ਲਿਆ, ਤੇ ਮਨੁੱਖੀ ਜੀਵਨ ਸਬੰਧੀ ਕਥਾ ਵੀਚਾਰਾਂ ਵੀ ਹੋਈਆਂ, ਬਾਅਦ ਵਿੱਚ ਸ਼ਰਧਾਂਜਲੀ ਭੇਟ ਕਰਨ ਮੌਕੇ ਮਨਜੀਤ ਇੰਦਰ ਸਿੰਘ ਜੀ ਢਿੱਲੋਂ ਨੇ ਸਟੇਜ ਸੰਭਾਲੀ ਤੇ ਸਿੱਧੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਜੀਵਨ ਪ੍ਰਤੀ ਚਾਨਣਾ ਪਾਇਆ, ਇਸ ਮੌਕੇ ਮਰਹੂਮ ਰਜਿੰਦਰ ਸਿੰਘ ਸਿੱਧੂ ਦੇ ਦੋਸਤ ਆਰ ਪੀ ਰਾਣਾ ਜੀ ਨੇ ਸ: ਰਜਿੰਦਰ ਸਿੰਘ ਸਿੱਧੂ ਦੇ ਜੀਵਨ ਪ੍ਰਤੀ ਚਾਨਣਾ ਪਾਇਆ ਤੇ ਉਨ੍ਹਾਂ ਨਾਲ ਬਿਤਾਏ ਪਲ ਸਾਂਝੇ ਕਰਦਿਆਂ ਭਾਵੁਕ ਹੋ ਗਏ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਬੇਟੇ ਕਮਲਜੀਤ ਸਿੰਘ ਬਰਾੜ, ਨੇ ਬੋਲਦਿਆਂ ਕਿਹਾ ਕਿ ਸ: ਰਜਿੰਦਰ ਸਿੰਘ ਸਿੱਧੂ ਬਹੁਤ ਹੀ ਅੱਛੇ ਇਨਸਾਨ ਸਨ ਤੇ ਸਾਡੇ ਨਾਲ ਉਨ੍ਹਾਂ ਦਾ ਪੁਰਾਣਾ ਪਿਆਰ ਅਤੇ ਸਤਿਕਾਰ ਰਿਹਾ ਹੈ। ਉਨ੍ਹਾਂ ਦੇ ਸਦਾ ਲਈ ਵਿੱਛੜ ਜਾਣ ਨਾਲ ਜਿੱਥੇ ਪਰਿਵਾਰ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੂੰ ਵੀ ਉਨ੍ਹਾਂ ਦੀ ਘਾਟ ਹਮੇਸ਼ਾ ਰੜਕੇਗੀ। ਬਰਾੜ ਸਾਹਬ ਨੇ ਅੱਗੇ ਕਿਹਾ ਕਿ ਜਾਣਾ ਸਭ ਨੇ ਹਰ ਇਨਸਾਨ ਨੂੰ ਸੁਆਸਾਂ ਦੀ ਪੂੰਜੀ ਮਿਲਦੀ ਹੈ। ਤੇ ਸਾਨੂੰ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ ਜੋ ਮਨੁੱਖਾ ਜੀਵਨ ਸਫਲ ਕਰਨ ਲਈ ਬਹੁਤ ਜ਼ਰੂਰੀ ਹੈ। ਬੰਦੇ ਦੇ ਕੀਤੇ ਚੰਗੇ ਕੰਮਾਂ ਕਰਕੇ ਹੀ ਉਸ ਨੂੰ ਬਾਅਦ ਵਿੱਚ ਯਾਦ ਕੀਤਾ ਜਾਂਦਾ ਹੈ। ਸ: ਰਜਿੰਦਰ ਸਿੰਘ ਸਿੱਧੂ ਜਿੰਨ੍ਹਾਂ ਨੇ ਆਪਣੇ ਬੱਚਿਆਂ ਨੂੰ ਚੰਗਾ ਜੀਵਨ ਜਿਊਣ ਦੀ ਜਾਂਚ ਸਿਖਾਈ ਵਾਹਿਗੁਰੂ ਉਨ੍ਹਾਂ ਦੀ ਹਮੇਸ਼ਾ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ, ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਸ਼੍ਰੀ ਐੱਸ ਆਰ ਕਲੇਰ ਨੇ ਕਿਹਾ ਕਿ ਸ: ਰਜਿੰਦਰ ਸਿੰਘ ਸਿੱਧੂ ਬਹੁਤ ਹੀ ਨਿੱਘੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਜੋ ਕਹਿੰਦੇ ਸਨ ਉਹ ਕਰਦੇ ਸਨ। ਸਿੱਧੂ ਪਰਿਵਾਰ ਦਾ ਮੈਨੂੰ ਪਹਿਲਾਂ ਐੱਮ ਐੱਲ ਏ ਬਣਾਉਣ ਵਿੱਚ ਵੱਡਾ ਯੋਗਦਾਨ ਰਿਹਾ ਹੈ। ਸਿੱਧੂ ਪਰਿਵਾਰ ਨੇ ਮੇਰੀ ਬਹੁਤ ਮਦਦ ਕੀਤੀ, ਰਜਿੰਦਰ ਸਿੰਘ ਸਿੱਧੂ ਸਾਹਬ ਦੀ ਘਾਟ ਹਮੇਸ਼ਾ ਰੜਕੇਗੀ, ਵਾਹਿਗੁਰੂ ਸਿੱਧੂ ਸਾਹਬ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ, ਇਸ ਮੌਕੇ ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ ਅਤੇ ਸਾਬਕਾ ਚੇਅਰਮੈਨ ਮੇਜਰ ਸਿੰਘ ਭੈਣੀ ਨੇ ਵੀ ਸ: ਰਜਿੰਦਰ ਸਿੰਘ ਸਿੱਧੂ ਦੇ ਅਕਾਲ ਚਲਾਣੇ ਦਾ ਨਾਂ ਪੂਰਾ ਹੋਣ ਵਾਲਾ ਘਾਟਾ ਦੱਸਿਆ ਉਨ੍ਹਾਂ ਕਿਹਾ ਕਿ ਸ: ਰਜਿੰਦਰ ਸਿੰਘ ਸਿੱਧੂ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਅਤੇ ਹਰ ਇੱਕ ਨਾਲ ਅੱਛਾ ਰਸੂਖ਼ ਰੱਖਣ ਵਾਲੇ ਇਨਸਾਨ ਸਨ। ਵਾਹਿਗੁਰੂ ਉਨ੍ਹਾਂ ਦੀ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖ਼ਸ਼ੇ, ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਜੱਜ ਸਾਹਿਬ ਨੇ ਵੀ ਸ਼ਮੂਲੀਅਤ ਕੀਤੀ, ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ, ਇਸ ਮੌਕੇ ਸਾਬਕਾ ਮੰਤਰੀ ਰਾਜ ਕੁਮਾਰ ਵੇਰਕਾ, ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਦੇ ਪੁੱਤਰ ਕਮਲਜੀਤ ਸਿੰਘ ਬਰਾੜ, ਸਾਬਕਾ ਵਿਧਾਇਕ ਸ਼੍ਰੀ ਐੱਸ ਆਰ ਕਲੇਰ, ਆਰ ਪੀ ਰਾਣਾ, ਸਾਬਕਾ ਚੇਅਰਮੈਨ ਮੇਜਰ ਸਿੰਘ ਭੈਣੀ, ਸੀਨੀਅਰ ਆਗੂ ਮਲਕੀਤ ਸਿੰਘ ਦਾਖਾ, ਕੰਨਵਰਪਾਲ ਐੱਮ ਸੀ, ਭਾਰਦਵਾਜ ਐੱਮ ਸੀ, ਡਾਕਟਰ ਨਰਿੰਦਰ ਸਿੰਘ, ਡੀ.ਸੀ.ਪੀ ਜਗਮੋਹਨ ਸਿੰਘ, ਡੀ ਐੱਸ ਪੀ ਗੁਰਪ੍ਰੀਤ ਸਿੰਘ ਲੁਧਿਆਣਾ, ਸਵਰਨ ਸਿੰਘ ਹਠੂਰ, ਰਾਜਵੰਤ ਸਿੰਘ ਹਠੂਰ, ਵਿਜੇ ਕੁਮਾਰ, ਜਰਨੈਲ ਸਿੰਘ ਰਾਏ, ਵਾਤਾਵਰਨ ਪ੍ਰੇਮੀ ਸੱਤਪਾਲ ਸਿੰਘ ਦੇਹੜਕਾ, ਅਤੇ ਰੀਅਲ ਮਿਕਸ ਨਿਊਜ਼ ਦੀ ਟੀਮ ਸਮੇਤ ਵੱਖ ਵੱਖ ਥਾਵਾਂ ਤੋਂ ਪੰਚ ਸਰਪੰਚ, ਕਲੱਬਾਂ, ਅਤੇ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜ਼ਰ ਸਨ।

### ਵੱਖ-ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਦਿੱਤੀ ਸ਼ਰਧਾਂਜਲੀ

## ਸਕੂਲ ਨੈਸ਼ਨਲ ਡੇਂਗੂ ਬੁਖਾਰ ਦਿਵਸ ਤੇ ਮੌਸਮੀ ਬਿਮਾਰੀਆਂ ਸਬੰਧੀ ਵਾਤਾਵਰਣ ਦਿਨ ਤੇ ਨੈਤਿਕਤਾ ਦਾ ਜਾਗਰੂਕਤਾ ਕੈਂਪ ਲਗਾਇਆ : ਪੀ. ਸੀ. ਕੁਮਾਰ



ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ):— ਅੱਜ ਨੈਸ਼ਨਲ ਡੇਂਗੂ ਬੁਖਾਰ ਦਿਵਸ ਤੇ ਸਕੂਲ ਦੇ ਸਟਾਫ ਅਤੇ ਬੱਚਿਆਂ ਦੇ ਸਹਿਯੋਗ ਨਾਲ ਡੇਂਗੂ ਬੁਖਾਰ, ਮਲੇਰੀਆ ਅਤੇ ਦੂਜੀਆਂ ਮੌਸਮੀ ਬਿਮਾਰੀਆਂ ਪ੍ਰਤੀ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿਚ ਪਹਿਲਾਂ ਦੀ ਤਰ੍ਹਾਂ ਸ੍ਰੀ ਪੀ.ਸੀ ਕੁਮਾਰ, ਸ੍ਰੀ ਦਿਨੇਸ਼ ਕਪੂਰ ਜ਼ਿਲ੍ਹਾ ਫ਼ਿਰੋਜ਼ਪੁਰ ਐਨ.ਜੀ.ਓ ਕੋਆਰਡੀਨੇਸ਼ਨ ਕਮੇਟੀ, ਸਦਾਵਰਤ ਪੰਚਾਇਤੀ ਸੰਸਥਾ ਦੇ ਮੁੱਖ ਕਾਰਜ ਕਰਤਾ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ, ਸਮਾਜ ਸੁਧਾਰਕ, ਸੀਨੀਅਰ ਸਿਟੀਜਨ ਰਿਟਾਇਰਡ ਬੈਂਕ ਮੈਨੇਜਰ ਪਹੁੰਚੇ। ਇਸ ਮੌਕੇ ਇਸ ਮਾਰੂ ਬੁਖਾਰ ਸਬੰਧੀ ਵਿਚਾਰ ਸਾਂਝੇ ਕਰਦਿਆਂ ਇਲਾਜ ਨਾਲੋਂ ਪ੍ਰਹੇਜ਼ ਚੰਗਾ ਤੇ ਇਨ੍ਹਾਂ ਦੇ ਫੈਲਣ ਦੇ ਕਾਰਨ ਅਤੇ ਉਨ੍ਹਾਂ ਦੇ ਬਚਾਓ ਸਬੰਧੀ ਵਿਚਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਨਾਲ ਹੀ ਬੱਚਿਆਂ ਨੂੰ ਸਰੀਰਕ, ਮਾਨਸਿਕ, ਸਮਾਜਿਕ ਕੁਰੀਤੀਆਂ, ਬਿਮਾਰੀਆਂ ਸਬੰਧੀ ਸੁਚੇਤ ਕੀਤਾ ਕਿ ਤੰਦਰੁਸਤ ਸਰੀਰ ਵਿਚ ਤੰਦਰੁਸਤ ਦਿਮਾਗ ਤੇ ਤੰਦਰੁਸਤ ਦਿਮਾਗ ਹੀ ਚੰਗੇ ਵਿਚਾਰ, ਕੰਮ ਕਰਕੇ ਘਰ ਵਿਚ, ਸਕੂਲ ਵਿਚ ਸਮਾਜ, ਦੇਸ਼ ਵਿਚ ਚੰਗੇ ਬੱਚੇ, ਹੋਣਹਾਰ ਵਿਦਿਆਰਥੀ ਅਤੇ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਵਾਲੇ ਨਾਗਰਿਕ ਬਣਨ ਲਈ ਬੱਚਿਆਂ ਨੂੰ ਸਰਵਪੱਖੀ ਵਿਕਾਸ ਸਬੰਧੀ ਜਾਗਰੂਕ ਕੀਤਾ। ਇਸ ਸਮੇਂ ਸਵੇਰ ਦੀ ਸਭਾ ਵਿਚ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਅਤੇ ਵਿਸ਼ਾ ਵਸਤੂ ਤੇ ਵੀ ਵਿਸਥਾਰ ਪੂਰਵਕ ਪ੍ਰਸ਼ਨ ਉੱਤਰ ਕੀਤੇ ਗਏ। ਸਕੂਲ ਸਟਾਫ ਵੱਲੋਂ ਆਏ ਪਤਵੰਤੇ ਸੱਜਣਾਂ ਦਾ ਇਸ ਸਮਾਜਿਕ ਅਤੇ ਸਮਾਜ ਸੇਵੀ ਕੰਮ ਲਈ ਧੰਨਵਾਦ ਕੀਤਾ ਗਿਆ।

## ਨਸ਼ਿਆਂ ਖ਼ਿਲਾਫ਼ ਕਰਾਰੀ ਚੋਟ ਕਰਨ ਵਾਲਾ ਚਿੱਟਾ ਗੀਤ ਸਤਲੁਜ ਪ੍ਰੈਸ ਕਲੱਬ ਨੇ ਕੀਤਾ ਰਿਲੀਜ

### ਪੰਜਾਬੀ ਗਾਇਕ ਛਿੰਦਾ ਸ਼ੌਂਕੀ ਨੇ ਗਾਇਆ ਗੀਤ, ਡੀ.ਐਸ.ਪੀ ਅਤਲ ਸੋਨੀ ਅਤੇ ਹੋਰ ਅਦਾਕਾਰ ਨੇ ਨਿਭਾਈ ਅਹਿਮ ਭੂਮਿਕਾ



**ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ)** :—ਪੰਜਾਬ ਵਿੱਚ ਨਸ਼ੇ ਦੇ ਵੱਧ ਰਹੇ ਪ੍ਰਕੋਪ ਨੂੰ ਰੋਕਣ ਲਈ ਪੰਜਾਬ ਪੁਲਿਸ ਵੱਲੋਂ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ ਅੱਜ ਇੱਕ ਨਸ਼ਿਆਂ ਖਿਲਾਫ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਗੀਤ ਸਤਲੁਜ ਪ੍ਰੈਸ ਕਲੱਬ ਵੱਲੋਂ ਕਲੱਬ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਗਾਮਾ ਨੇ ਰਿਲੀਜ਼ ਕੀਤਾ। ਇਹ ਗੀਤ ਜੋ ਨਸ਼ਿਆਂ ਨੂੰ ਰੋਕਣ ਦੇ ਲਈ ਨੀਹ ਦਾ ਪੱਥਰ ਸਾਬਿਤ ਹੋਵੇਗਾ, ਇਸ ਗੀਤ ਨੂੰ ਪੰਜਾਬੀ ਲੋਕ ਗਾਇਕ ਸ਼ਿੰਦਾ ਸ਼ੌਂਕੀ ਵੱਲੋਂ ਗਾਇਆ ਗਿਆ ਹੈ ਅਤੇ ਇਸ ਗੀਤ ਦਾ ਸੰਗੀਤ ਮਸ਼ਹੂਰ ਸੰਗੀਤਕਾਰ ਸ਼ਾਹਰੁਖ ਥਿੰਦ ਵੱਲੋਂ ਦਿੱਤਾ ਗਿਆ ਹੈ ਅਤੇ ਆਪਣੀ ਕਲਮ ਨਾਲ ਕਲਮਬੰਦ ਕੀਤਾ ਹੈ ਗੀਤਕਾਰ ਬਿੰਦਰ ਸ਼ੌਂਕੀ ਵੱਲੋਂ। ਜੇਕਰ ਇਸ ਵੀਡੀਓ ਦੀ ਗੱਲ ਕੀਤੀ ਜਾਵੇ ਤਾਂ ਇਹ ਵੀਡੀਉ ਹਲਕਾ ਗੁਰੂਹਰਸਹਾਏ ਦੇ ਵੱਖ—ਵੱਖ ਪਿੰਡਾਂ ਵਿੱਚ ਫ਼ਿਲਮਾਇਆ ਗਿਆ ਹੈ ਜੋਂ ਥਿੰਦ ਮੀਡੀਆ ਪਬਲੀਕੇਸ਼ਨ ਵੱਲੋਂ ਪੇਸ਼ਕਸ਼ ਕੀਤਾ ਗਿਆ ਹੈ। ਇਸ ਗੀਤ ਵਿੱਚ ਮੁੱਖ ਤੌਰ ਤੇ ਗੁਰੂਹਰਸਹਾਏ ਦੇ ਡੀ.ਐਸ.ਪੀ ਅਤੁਲ ਸੋਨੀ ਇੱਕ ਵਿਸ਼ੇਸ਼ ਭੂਮਿਕਾ ਵਿਚ ਨਜ਼ਰ ਆ ਰਹੇ ਹਨ ਜੋ ਕਿ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲਾਂ ਵਿੱਚ ਬੰਦ ਕਰਦੇ ਹਨ ਅਤੇ ਬਾਅਦ ਚ ਉਨ੍ਹਾਂ ਨੂੰ ਸੁਧਾਰ ਦਿੰਦੇ ਹਨ ਅਤੇ ਉਹ ਨੌਜਵਾਨ ਗੀਤ ਦੇ ਅਖੀਰ ਵਿੱਚ ਨਸ਼ਿਆ ਖਿਲਾਫ ਕੀਤੇ ਜਾ ਰਹੇ ਸੈਮੀਨਾਰ ਵਿੱਚ ਨਸ਼ਿਆਂ ਦਾ ਕਾਰੋਬਾਰ ਕਰਨਾ ਤੇ ਸੇਵਨ ਕਰਨ ਤੋਂ ਤੌਬਾ ਕਰ ਲੈਂਦੇ ਹਨ ਜੋ ਕਿ ਇੱਕ ਚੰਗੀ ਪ੍ਰੇਰਨਾ ਦਿੰਦਾ ਹੈ। ਇਸ ਤੋ ਇਲਾਵਾ ਇਸ ਗੀਤ ਵਿੱਚ ਮਾਵਾਂ ਦੀ ਕੁੱਖਾਂ ਬਚਾ ਲਓ ਤੇ ਰੁੱਖ ਬਚਾਉਣ ਦੀ ਮਹਿਮ ਵੀ ਝਲਕਦੀ ਪ੍ਰਤੀਤ ਹੁੰਦੀ ਹੈ। ਨੌਜਵਾਨ ਇਸ ਗੀਤ ਰਾਹੀ ਪ੍ਰੇਰਨਾ ਲੈ ਕੇ ਨਸ਼ਿਆਂ ਤੋਂ ਤੌਬਾ ਕਰਨਗੇ। ਅੱਜ ਇਸ ਗੀਤ ਦੀ ਘੁੰਡ ਚੁਕਾਈ ਮੌਕੇ ਸਤਲੁਜ ਪ੍ਰੈਸ ਕਲੱਬ ਫ਼ਿਰੋਜਪੁਰ ਨੇ ਜਿੱਥੇ ਗੀਤ ਰਿਲੀਜ਼ ਕੀਤਾ ਉਥੇ ਹੀ ਉਨ੍ਹਾਂ ਦੇ ਨਾਲ ਫਿਰੋਜ਼ਪੁਰ ਦੇ ਪੱਤਰਕਾਰਾਂ ਤੋਂ ਇਲਾਵਾ ਗਾਇਕ ਸ਼ਿੰਦਾ ਸ਼ੌਂਕੀ, ਸੰਗੀਤਕਾਰ ਸ਼ਾਹਰੁਖ ਥਿੰਦ, ਅਦਾਕਾਰ ਰਜਿੰਦਰ ਕੰਬੋਜ, ਸਾਜਨ ਕੰਬੋਜ, ਵਿਸ਼ੂ ਕੰਬੋਜ਼, ਗੁਰਪ੍ਰੀਤ ਜੋਸਨ, ਥਿੰਦ ਮੀਡੀਆ ਪਬਲੀਕੇਸ਼ਨ ਤੋਂ ਸਤਪਾਲ ਥਿੰਦ, ਹਰੀ ਚੰਦ ਰਿਟਾਇਰ ਇੰਸਪੈਕਟਰ, ਅਰਜਨ ਦਾਸ ਏ.ਐਸ.ਆਈ, ਗੁਰਮੀਤ ਸਿੰਘ, ਰਾਜਪ੍ਰੀਤ ਕੰਬੋਜ਼ ਤੋਂ ਇਲਾਵਾਂ ਕਈ ਹੋਰ ਪੱਤਰਕਾਰ ਹਾਜਰ ਸਨ।

### ਕਰਵਾਏ ਵੱਖ ਵੱਖ ਮੁਕਾਬਲਿਆਂ ਦੌਰਾਨ ਕੀਰਤੀ ਸਚਦੇਵਾ ਬਣੀ ਤੀਆਂ ਦੀ ਰਾਣੀ, ਚਾਹਤ ਗਿੱਧਿਆਂ ਦੀ ਰਾਣੀ ਅਤੇ ਸਿੰਮੀ ਨੇ ਜਿੱਤਿਆ ਸੁਰੀਲੀ ਆਵਾਜ਼ ਐਵਾਰਡ

# ਪੰਜਾਬੀ ਪਹਿਰਾਵੇ ਚ ਸਜੀਆਂ ਮੁਟਿਆਰਾਂ ਨੇ ਖੁਸ਼ੀਆਂ ਨਾਲ ਮਨਾਇਆ ਤੀਆਂ ਦਾ ਮੇਲਾ

**ਫ਼ਿਰੋਜ਼ਪੁਰ, 5 ਅਗਸਤ (ਮਨੋਹਰ ਲਾਲ)** :— ਸਾਵਣ ਮਹੀਨੇ ਚ ਆਉਂਦਾ ਖੁਸ਼ੀਆ ਖੇੜਿਆਂ ਦਾ ਪ੍ਰਤੀਕ ਤੀਆ ਦੇ ਤਿਉਹਾਰ ਨੂੰ ਫ਼ਿਰੋਜ਼ਪੁਰ ਸ਼ਹਿਰ ਰੈਡ ਰੋਜ਼ ਐਵੇਨਿਊ ਵਿਚ ਵਿਸ਼ੇਸ਼ ਤੌਰ ਤੇ ਮਨਾਇਆ ਗਿਆ। ਇਸ ਮੌਕੇ ਮੁਟਿਆਰਾਂ ਨੇ ਪ੍ਰਬੰਧਕ ਦੀਪਕਾ ਖੰਨਾ ਅਤੇ ਮਮਤਾ ਸ਼ਰਮਾ ਦੀ ਅਗਵਾਈ ਹੇਠ ਇਕੱਠੀਆਂ ਹੋ ਪੂਰੀ ਧੂਮ—ਧਾਮ ਅਤੇ ਖ਼ੁਸ਼ੀਆਂ ਨਾਲ ਨੱਚ—ਗਾ ਕੇ ਕੋਰੀਓਗਰਾਫ਼ੀ ਕਰਕੇ ਪੂਰੇ ਉਤਸ਼ਾਹ ਨਾਲ ਇਸ ਸਮਾਗਮ ਵਿਚ ਸ਼ਿਰਕਤ ਕੀਤੀ, ਜਦੋਂ ਕਿ ਮੇਲੇ ਦੀ ਸ਼ੁਰੂਆਤ ਸ਼ੁਭ ਕਰਮਨ ਤੇ ਕਬਹੂ ਨਾ ਟਰੂ ਦੇ ਸ਼ਬਦ ਗਾਇਨ ਨਾਲ ਕੀਤੀ ਗਈ। ਵਾਹਿਗੁਰੂ ਦਾ ਓਟ ਆਸਰਾ ਲੈਣ ਉਪਰੰਤ ਪ੍ਰਬੰਧਕ ਮਮਤਾ ਸ਼ਰਮਾ ਅਤੇ ਦੀਪਿਕਾ ਖੰਨਾ ਨੇ ਮੇਲੇ ਦੀਆ ਭਾਗੀਦਾਰ ਮੁਟਿਆਰਾਂ ਨੂੰ ਜੀ ਆਇਆਂ ਕਹਿੰਦੇ ਹੋਏ ਜਾਗੋ ਜਾਗੋ ਕੱਢੀ ਜਿਸ ਵਿੱਚ ਡਾਕਟਰ ਚਰੂਮੀਤਾ ਐਸ.ਡੀ.ਐਮ ਫ਼ਿਰੋਜ਼ਪੁਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਸਾਰੇ ਮੇਲੇ ਦਾ ਖ਼ੂਬ ਆਨੰਦ ਮਾਣਿਆ। ਇਸ ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਡੀ.ਐਸ.ਪੀ ਸੁਖਵਿੰਦਰ ਸਿੰਘ ਫਿਰੋਜਪੁਰ ਸ਼ਹਿਰ ਵੀ ਪਹੁੰਚੇ ਅਤੇ ਉਨ੍ਹਾਂ ਨੇ ਪ੍ਰਬੰਧਾਂ ਦੀ ਭਰਪੂਰ ਸ਼ਲਾਘਾ ਕੀਤੀ। ਮੇਲੇ ਦੀ ਵਿਲੱਖਣਤਾ ਇਹ ਸੀ ਕਿ ਸਾਰੀਆਂ ਭਾਗੀਦਾਰ ਮੁਟਿਆਰਾਂ ਲਾਲ, ਪੀਲੇ, ਹਰੇ ਰੰਗ ਦੇ ਸੂਟਾਂ ਵਾਲੇ ਪੰਜਾਬੀ ਪਹਿਰਾਵੇ ਚ ਗਹਿਣਿਆਂ ਨਾਲ ਸੱਜੀਆਂ ਹੋਈਆਂ ਸਨ, ਜਿਨਾਂ ਨੇ ਜਿੱਥੇ ਖੂਬ ਗਿੱਧਾ ਪਾ ਨੱਚ—ਨੱਚ ਆਪਣੇ ਮਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ, ਉਥੇ ਲੰਮੀ ਹੇਕ ਵਾਲੇ ਗੀਤ, ਸਿੱਠਣੀਆਂ, ਬੋਲੀਆਂ ਪਾ ਪੁਰਾਣੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਮੁੜ ਤੋਂ ਸੁਰਜੀਤ ਕਰ



ਸਭਨਾ ਦੇ ਦਿਲ ਜਿੱਤ ਲਏ।

ਤੀਆਂ ਦੇ ਮੇਲੇ ਚ ਵਿਰਸੇ ਦਾ ਰੰਗ ਉਦੋਂ ਚੜ੍ਹਿਆ ਜਦੋਂ ਸਾਉਣ ਮਹੀਨੇ ਚ ਭੈਣਾਂ ਲਈ ਸੁਧਾਰਾਂ ਲੈ ਕੇ ਆਉਣ ਵਾਲ਼ੀ ਗੀਤ ਤੇ ਪਹਿਰਾ ਦਿੰਦੇ ਹੋਏ ਜਸਵਿੰਦਰ ਸਿੰਘ ਸੰਧੂ ਅਤੇ ਰੁਪਿੰਦਰ ਸੰਧੂ ਦਾ ਸੁਧਾਰਾ ਲੈ ਕੇ ਪਹੁੰਚਣ ਤੇ ਮੇਲੀਆ ਨੇ ਜੋਸ਼ੋ—ਖਰੋਸ਼ ਨਾਲ ਸਵਾਗਤ ਕਰਦਿਆਂ ਧੰਨਵਾਦ ਕੀਤਾ। ਮੇਲੇ ਚ ਛੋਟੀਆਂ ਬੱਚੀਆਂ, ਨੌਜਵਾਨ ਲੜਕੀਆਂ ਅਤੇ ਔਰਤਾਂ ਨੇ ਆਪਣੇ ਮਨ ਦੇ ਵਲਵਲੇ ਸਾਂਝੇ ਕਰਦਿਆਂ ਆਪਣੇ ਮਨ ਪਸੰਦ ਪੁਰਾਣੇ ਗੀਤਾਂ ਤੇ ਜਿੱਥੇ ਡਾਂਸ ਕੀਤੇ ਉਥੇ ਘੋੜੀਆਂ, ਸੁਹਾਗ, ਸਿੱਠਣੀਆਂ, ਗੀਤ ਗਾ ਅਤੇ ਬੋਲੀਆਂ ਪਾ—ਪਾ ਖੂਬ ਗਿੱਧਾ ਪਾਇਆ। ਤੀਆਂ ਦੇ ਮੇਲੇ ਵਿੱਚ ਕਰਵਾਏ ਗਏ ਮਿਸ ਤੀਜ ਮੁਕਾਬਲੇ ਦੌਰਾਨ ਤਿੰਨ ਰਾਉਂਡ ਕਰਵਾਏ ਗਏ ਜਿਸ ਵਿਚ ਪਛਾਣ, ਪ੍ਰਤਿਭਾ ਅਤੇ ਕਵਿਜ਼ ਰਾਹੀਂ ਮੁਟਿਆਰਾਂ ਨੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਕੀਮਤੀ ਸਚਦੇਵਾ ਧੀਆਂ ਦੀ ਰਾਣੀ ਬਣੀ, ਚਾਹਤ ਗਿੱਧਿਆਂ ਦੀ ਰਾਣੀ ਅਤੇ ਸਿੰਮੀ ਨੇ ਸੁਰੀਲੀ ਆਵਾਜ਼ ਦਾ ਅਵਾਰਡ ਆਪਣੇ ਨਾਮ ਕੀਤਾ। ਪ੍ਰਬੰਧਕਾਂ ਨੇ ਜੇਤੂਆਂ ਨੂੰ ਸਨਮਾਨ ਚਿੰਨਾ ਅਤੇ ਫੁਲਕਾਰੀਆਂ ਨਾਲ ਸਨਮਾਨਿਤ ਕੀਤਾ। ਐਸ.ਡੀ.ਐਮ ਡਾਕਟਰ ਚਾਰੂਮਿਤਾ ਨੇ ਮੁਟਿਆਰਾਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਹੀ ਹਿੰਮਤੀ ਔਰਤਾਂ ਕਰਕੇ ਪੰਜਾਬੀ ਵਿਰਸਾ ਅਤੇ ਸੱਭਿਆਚਾਰ ਜਿੰਦਾ ਹੈ ਅਜਿਹੇ ਮੇਲਿਆਂ ਦੀ ਪੰਜਾਬ ਨੂੰ ਬੇਹੱਦ ਲੋੜ ਹੈ ਤਾਂ ਜੋ ਮਾਨਸਿਕ ਤੌਰ ਤੇ ਬਿਮਾਰ ਹੋ ਨਸ਼ਿਆਂ ਚ ਡੁਬ ਗਰਕ ਰਹੀ ਜਵਾਨੀ ਨੂੰ ਪੰਜਾਬ ਦੀ ਖੁਸ਼ਹਾਲੀ ਦਾ ਹਿੱਸਾ ਬਣਾਇਆ ਜਾ ਸਕੇ। ਤੀਆਂ ਦੇ ਮੇਲੇ ਦੌਰਾਨ ਲੈਕਚਰਾਰ ਜਸਵਿੰਦਰ ਕੌਰ ਨੇ ਬੋਲੀਆਂ ਟੱਪਿਆਂ ਨਾਲ ਕਮੈਂਟਰੀ ਕਰਦਿਆਂ ਮੇਲੇ ਦਾ ਰੰਗ ਬੰਨੀ ਰੱਖਿਆ, ਸੁਧਾਰੇ ਚ ਆਈਆਂ ਚੂੜੀਆਂ, ਬਿਸਕੁਟ, ਲੱਡੂ, ਪਤਾਸੇ ਆਦਿ ਸਮਾਨ ਨੂੰ ਸਮੂਹ ਮੇਲਣਾ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ••

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

(ਦਿੱਲੀ ਸਿੱਖ ਗੁਰਦੁਆਰਾ ਅਧਿਨਿਯਮ, 1971 ਭਾਰਤ ਸਰਕਾਰ ਦੁਆਰਾ ਪਾਰਿਤ ਅਧੀਨ ਸਥਾਪਿਤ ਸੰਸਥਾ)
ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-੧੧੦੦੦੧

# DELHI SIKH GURDWARA MANAGEMENT COMMITTEE

(Statutory Body Estd. under the Delhi Sikh Gurdwaras Act, 1971 of the Govt. of India)
Guru Gobind Singh Bhawan, Gurdwara Rakab Ganj Sahib, New Delhi-110001

Ref. 5729/ਪ-2 Date: 31/7/24

ਹੈੱਡ ਗ੍ਰੰਥੀ/ਇੰਚਾਰਜ ਗ੍ਰੰਥੀ,
ਸਮੂਹ ਗੁਰਦੁਆਰਾ ਸਾਹਿਬਾਨ,
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀਮਾਨ ਜੀ,

**ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥**

ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ਦੀ ਸੇਵਾ ਸੰਭਾਲ ਜੋ ਸੰਗਤ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ ਹੈ, ਇਹ ਸਾਰੀ ਸੇਵਾ ਸੰਭਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਹੀ ਕੀਤੀ ਜਾ ਰਹੀ ਹੈ। ਕੀਰਤਨ ਦੀ ਵਿਧੀ ਵੀ ਸ੍ਰੀ ਦਰਬਾਰ ਸਾਹਿਬ ਅਨੁਸਾਰ ਹੋਣੀ ਚਾਹੀਦੀ ਹੈ। ਕੀਰਤਨ ਸਮੇਂ ਨਿਰੋਲ ਕੀਰਤਨ ਹੀ ਕੀਤਾ ਜਾਵੇ ਨਾ ਕਿ ਕਥਾ ਜਾਂ ਸਿਮਰਨ ਕੀਤਾ ਜਾਵੇ। ਸਿਮਰਨ ਦਾ ਸਮਾਂ ਵੱਖਰਾ ਹੋਵੇਗਾ। ਕੀਰਤਨੀ ਸਿੰਘ ਆਸਾ ਕੀ ਵਾਰ, ਬਿਲਾਵਲ ਦੀ ਚੌਂਕੀ, ਸੋਦਰੁ ਦੀ ਚੌਂਕੀ ਅਤੇ ਆਰਤੀ ਦੀ ਚੌਂਕੀ ਸਮੇਂ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਕਰਨਗੇ। ਬਾਣੀ ਕੰਠ ਹੋਵੇ, ਵਾਜੇ ਉੱਪਰ ਮੋਬਾਇਲ ਨਾ ਰੱਖਿਆ ਜਾਵੇ ਅਤੇ ਸਾਰੇ ਕੀਰਤਨੀ ਸਿੰਘਾਂ ਨੂੰ ਪੰਥ ਪ੍ਰਵਾਨਤ ਪਹਿਰਾਵਾ ਰੱਖਣਾ ਲਾਜ਼ਮੀ ਹੋਵੇਗਾ।

ਕਥਾ ਵਿਚਾਰ ਕਰਦੇ ਸਮੇਂ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਪ੍ਰਮੁੱਖਤਾ ਹੋਣੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਵਿਰੁੱਧ ਬੋਲਣਾ ਸਖ਼ਤ ਮਨ੍ਹਾ ਹੈ, ਜੋ ਸ਼ਬਦ ਪੜ੍ਹਿਆ ਗਿਆ ਉਸ ਦੀ ਕਥਾ ਸੰਪੂਰਨ ਕਰਨੀ ਹੈ, ਘੱਟੋ ਘੱਟ 30 ਮਿੰਟ ਸ਼ਬਦ ਵਿਚਾਰ ਵਿਚ ਲਗਾਉਣੇ ਜ਼ਰੂਰੀ ਹਨ, ਆਪਣੇ ਸਪੱਸ਼ਟੀਕਰਨ ਸਟੇਜ 'ਤੇ ਦੇਣ ਦੀ ਖੇਚਲ ਨਾ ਕੀਤੀ ਜਾਵੇ।

**ਆਪ ਜੀ ਨੇ ਉਪਰੋਕਤ ਅਨੁਸਾਰ ਅਮਲ ਕਰਵਾਉਣ ਦੀ ਕ੍ਰਿਪਾਲਤਾ ਕਰਨੀ ਜੀ ਤਾਂ ਜੋ ਗੁਰੂ ਘਰ ਦੀ ਗੁਰਮਰਿਆਦਾ ਬਣੀ ਰਹੇ।**

ਸ਼ੁਭਚਿੰਤਕ,
31/7/24
(ਬਲਬੀਰ ਸਿੰਘ)
ਜਨਰਲ ਮੈਨੇਜਰ

ਉਤਾਰਾ :
1) ਜਨਰਲ ਮੈਨੇਜਰ
2) ਇੰਚਾਰਜ, ਧਰਮ ਪ੍ਰਚਾਰ ਵਿਭਾਗ ਅਤੇ ਰਾਗੀ ਵਿਭਾਗ
3) ਪੀ.ਏ.ਟੂ : ਸਮੂਹ ਪ੍ਰਬੰਧਕ ਸਾਹਿਬਾਨ ਅਤੇ ਚੇਅਰਮੈਨ ਧਰਮ ਪ੍ਰਚਾਰ ਕਮੇਟੀ
4) ਸਮੂਹ ਰਾਗੀ ਜਥੇ, (ਉਪਰੋਕਤ ਅਨੁਸਾਰ ਅਮਲ ਕਰਨ ਹਿਤ)
5) ਇੰਚਾਰਜ, ਸਮੂਹ ਗੁਰਦੁਆਰਾ ਸਾਹਿਬਾਨ (ਉਪਰੋਕਤ ਅਨੁਸਾਰ ਅਮਲ ਕਰਵਾਉਣ ਹਿਤ)

Phones : +91 11 23712580, 23712581, 23712582, 23737328, 23737329 Fax
Website : www.dsgmc.in E-mail : info@dsgmc.in



**ਮਰਿਆਦਾ ਅਨੁਸਾਰ ਸੰਗਤ ਵਿਚ ਇਕ ਵਖਤ ਇਕੋ ਗੱਲ ਹੋਣੀ ਚਾਹੀਦੀ ਹੈ ਕੀਰਤਨ ਜਾਂ ਕਥਾ ਵਖਿਆਨ ਜਾਂ ਪਾਠ। ਤਕਰੀਬਨ ਸਾਰੇ ਇਤਿਹਾਸਕ ਗੁਰਦਵਾਰਾ ਸਾਹਿਬਾਨ ਚ ਇਸ ਦਾ ਬਾਖੂਬੀ ਪਾਲਣ ਵੀ ਹੁੰਦਾ ਹੈ। ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਮਰਿਆਦਾ ਦੀ ਰੌਸ਼ਨੀ ਵਿਚ ਜਾਰੀ ਇਹ ਪੱਤਰ ਸਲਾਂਘਾਯੋਗ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਸ਼ੈਲੀ ਅਨੁਸਾਰ ਕੀਰਤਨ ਕਰਨ ਲਈ ਕੀਰਤਨੀ ਜਥਿਆਂ ਨੂੰ ਉਤਸ਼ਿਹਤ ਕਰਨਾ ਵੀ ਪੱਤਰ ਦਾ ਮਨੋਰਥ ਹੈ। ਹਾਲਾਂਕਿ ਹੈਡ ਗ੍ਰੰਥੀ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਜੀ ਵਲੋਂ ਵੀ ਸਮੇਂ ਸਮੇਂ ਤੇ ਪੁਰਾਤਨ ਕੀਰਤਨ ਸ਼ੈਲ਼ੀ ਨੂੰ ਪ੍ਰਫੁਲਿਤ ਕਰਨ ਲਈ ਲਿਖਤੀ ਰੂਪ ਵਿਚ ਦਿਸ਼ਾ ਨਿਰਦੇਸ਼ ਹੁੰਦੇ ਰਹਿੰਦੇ ਹਨ। ਇਸ ਨਾਲ ਮਾਣ ਮਰਿਆਦਾ ਬਣੀ ਰਹਿੰਦੀ ਹੈ।**

## ਵੱਲੋਂ - ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤੱਖਤ ਦਮਦਮਾ ਸਾਹਿਬ

# ਭੁਜ਼ੰਗੀ ਦੀ ਦਾਤ 'ਤੇ ਲੱਖ-ਲੱਖ ਵਧਾਈਆਂ









ਭਾਈ ਮਨਜਿੰਦਰ ਸਿੰਘ ਕਵੈਂਟਰੀ ਇੰਟਰਨੈਸ਼ਨਲ ਪੰਥਕ ਦਲ ਦੇ ਪੈਨਲ ਮੈਂਬਰ ਜਿਨ੍ਹਾਂ ਦੇ ਘਰ ਅਕਾਲ ਪੁਰਖ ਨੇ ਪਿਛਲੇ ਦਿਨੀਂ ਪੋਤਰੇ ਦੀ ਦਾਤ ਬਖਸ਼ੀ ਹੈ, ਪੋਤਰੇ ਦਾ ਨਾਮ ਅਜੈਬ ਸਿੰਘ ਰੱਖਿਆ ਗਿਆ ਹੈ, ਉਹਨਾਂ ਦੇ ਜਨਮ ਦੀ ਖੁਸ਼ੀ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਨ ਲਈ ਆਪਣੇ ਗ੍ਰਹਿ ਵਿਖੇ ਪਵਾ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਕਰਵਾਏ ਗਏ । ਜਿਸ ਤੋਂ ਬਾਅਦ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਜਥੇਦਾਰ ਬਾਬਾ ਬਘੇਲ ਸਿੰਘ ਜੀ ਨੇ ਭੁਝੰਗੀ ਅਜੈਬ ਸਿੰਘ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਸਿਰਪਾਓ ਦੀ ਬਖਸ਼ਿਸ਼ ਕੀਤੀ ਭਾਈ ਕਪਤਾਨ ਸਿੰਘ ਜੀ ਨੇ ਆਈਆਂ ਹੋਈਆਂ ਸਿੱਖ ਸੰਗਤਾਂ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗ੍ਰੰਥੀ ਸਿੰਘਾਂ ਦਾ ਵੀ ਧੰਨਵਾਦ ਕੀਤਾ ਅਤੇ ਪਰਿਵਾਰ ਨੂੰ ਇੰਟਰਨੈਸ਼ਨਲ ਪੰਥਕ ਦਲ ਦੇ ਬਾਨੀ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਵਧਾਈਆਂ ਦਿੱਤੀਆਂ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)




ਦਮਦਮੀ ਟਕਸਾਲ ਜਥੇਬੰਦੀ ਦਾ 318ਵਾਂ ਸਥਾਪਨਾ ਦਿਹਾੜ੍ਹਾ ਤਖਤ ਸ਼੍ਰੀ ਦਮਦਮਾ ਸਾਹਿਬ ਜੀ ਤਲਵੰਡੀ ਸਾਬੋ ( ਬਠਿੰਡਾ) ਵਿਖੇ ਮਿਤੀ 5-6-7 ਅਗਸਤ 2024 ਨੂੰ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਅਗੁਵਾਈ ਹੇਠ ਹਰ ਸਾਲ ਦੀ ਤਰ੍ਹਾ ਬੜ੍ਹੀ ਚੜ੍ਹਦੀਕਲਾ ਨਾਲ ਮਨਾਇਆ ਜਾ ਰਿਹਾ ।

**ਮਿਤੀ 7 ਅਗਸਤ ਨੂੰ ਸਵੇਰੇ 11 ਤੋਂ 12 ਵਜੇ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਕਥਾ ਸ੍ਰਵਣ ਕਰਵਾਂਉਣਗੇ ।**

**ਸਮੂਹ ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ**